ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੫ ਫੱਗਣ ਸੰਨ ੨੦੨੬ Monday,16 Feburay

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com




ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਮਾਤਾ ਸੁੰਦਰੀ ਜੀ ਦੀ ਕੁੱਖੋਂ 26 ਜਨਵਰੀ 1687 ਈਸਵੀ ਨੂੰ ਸ੍ਰੀ ਪਾਉਂਟਾ ਸਾਹਿਬ ਵਿਖੇ ਹੋਇਆ।ਸਿੱਖ ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਦੇ ਸਵੈਮਾਣ, ਮਨੁੱਖੀ ਹੱਕਾਂ ਦੀ ਅਜ਼ਾਦੀ ਤੇ ਧਾਰਮਿਕ ਆਜ਼ਾਦੀ ਦੀ ਬਹਾਲੀ ਲਈ ਸ਼ੁਰੂ ਕੀਤੀ ਸ਼ਹੀਦੀਆਂ ਦੀ ਲੜੀ ਵਿਚ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੀ ਸ਼ਹਾਦਤ ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਪਰ ਅੰਕਤ ਹੈ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਸਰਬੰਸਦਾਨੀ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਮਾਤਾ ਸੁੰਦਰੀ ਜੀ ਦੀ ਕੁੱਖੋਂ 26 ਜਨਵਰੀ 1687 ਈਸਵੀ ਨੂੰ ਸ੍ਰੀ ਪਾਉਂਟਾ ਸਾਹਿਬ ਵਿਖੇ ਹੋਇਆ। ਨਾਨਕਸ਼ਾਹੀ ਕੈਲੰਡਰ ਅਨੁਸਾਰ ਉਨ੍ਹਾਂ ਦਾ ਜਨਮ ਦਿਹਾੜਾ 11 ਫਰਵਰੀ ਮੁਤਾਬਕ 29 ਮਾਘ ਨੂੰ ਮਨਾਇਆ ਜਾ ਰਿਹਾ ਹੈ।ਪਾਉਂਟਾ ਸਾਹਿਬ ਵਿਖੇ ਨਿਵਾਸ ਤੋਂ ਕੁਝ ਸਮੇਂ ਬਾਅਦ ਗੁਰੂ ਸਾਹਿਬ ਦਾ ਪਰਿਵਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਿਆ। ਇਥੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਵਿਦਿਆ, ਧਾਰਮਿਕ ਗ੍ਰੰਥਾਂ, ਕਥਨਾ ਅਤੇ ਇਤਿਹਾਸ ਆਦਿ ਬਾਰੇ ਜਾਣੂ ਕਰਵਾਇਆ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਬਚਪਨ ਤੋਂ ਹੀ ਬੇਹੱਦ ਤੀਖਣ ਬੁੱਧੀ, ਸਰੀਰਕ ਤੌਰ ਤੇ ਚੁਸਤ ਅਤੇ ਜ਼ੋਸੀਲੇ ਸਨ। ਉਨ੍ਹਾਂ ਨੇ ਖ਼ਾਲਸਾ ਫ਼ੌਜ ਦੇ ਜੰਗੀ ਕਰਤਬਾਂ ਤੋਂ ਪ੍ਰਭਾਵਿਤ ਹੋ ਕੇ ਘੋੜ ਸਵਾਰੀ, ਤਲਵਾਰਬਾਜ਼ੀ, ਤੀਰਅੰਦਾਜ਼ੀ ਆਦਿ ਦੀ ਸਿਖਲਾਈ ਲਈ।ਇਤਿਹਾਸ ਅਨੁਸਾਰ, ਸਿੱਖ ਸੰਗਤਾਂ ਦਾ ਇਕ ਜਥਾ ਦੱਖਣੀ ਪੰਜਾਬ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਆ ਰਿਹਾ ਸੀ ਕਿ ਰਸਤੇ ਵਿਚ ਇਸ ਜਥੇ ਉੱਪਰ ਲੱਠਮਾਰਾਂ ਦੇ ਇਕ ਟੋਲੇ ਨੇ ਹਮਲਾ ਕਰ ਕੇ ਸਾਰਾ ਸਮਾਨ ਲੁੱਟ ਲਿਆ। ਜਦੋਂ ਇਸ ਹਮਲੇ ਦੀ ਸੂਚਨਾ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੀ ਤਾਂ ਉਨ੍ਹਾਂ ਨੇ ਸਿੱਖ ਸੰਗਤ ਪਾਸੋਂ ਲੁੱਟੇ ਗਏ ਸਮਾਨ ਦੀ ਵਾਪਸੀ ਲਈ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਤਿਆਰ ਕੀਤਾ। ਉਸ ਸਮੇਂ ਬਾਬਾ ਅਜੀਤ ਸਿੰਘ ਜੀ ਦੀ ਉਮਰ ਸਿਰਫ਼ 12 ਸਾਲ ਸੀ। ਆਪ ਨੇ 100 ਸਿੰਘਾਂ ਦਾ ਜਥਾ ਲੈ ਕੇ ਨਿਡਰਤਾ ਅਤੇ ਬਹਾਦਰੀ ਨਾਲ ਹਮਲਾਵਾਰਾਂ ਤੋਂ ਸਿੱਖ ਸੰਗਤ ਦੀ ਰਾਖੀ ਕਰਦਿਆਂ ਲੁੱਟਿਆ ਹੋਇਆ ਸਮਾਨ ਵਾਪਸ ਕਰਵਾਇਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਤਾਰਾਗੜ੍ਹ ਕਿਲ੍ਹੇ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੌਂਪੀ ਗਈ ਤਾਂ ਉਨ੍ਹਾਂ ਨੇ ਇਸ ਨੂੰ ਵੀ ਪੂਰੀ ਤਨਦੇਹੀ ਨਾਲ ਨਿਭਾਇਆ। ਇਸ ਤੋਂ ਬਾਅਦ ਅਗਸਤ 1700ਈਸਵੀ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਇਕ ਹੋਰ ਵਿਰੋਧੀ ਹਮਲੇ ਦਾ ਕਰਾਰਾ ਜਵਾਬ ਦਿੱਤਾ ਤੇ ਉਹ ਨਿਰਮੋਹਗੜ੍ਹ ਵਿਤ ਵੀ ਅਕਤੂਬਰ 1700 ਨੂੰ ਹੋਈ ਵਿਚ ਬਹਾਦਰੀ ਨਾਲ ਲੜੇ। ਇਸ ਪਿੱਛੋਂ ਮਾਰਚ 1701 ਵਿਚ ਸਿੱਖ ਸੰਗਤ ਦਰਪਦ ਖੇਤਰ (ਸਿਆਲਕੋਟ) ਤੋਂ ਆ ਰਹੀ ਸੀ ਕਿ ਉਸ ਨੂੰ ਲੁਟੇਰਿਆਂ ਦੇ ਇਕ ਵੱਡੇ ਟੋਲੇ ਨੇ ਰਸਤੇ ਵਿਚ ਰੋਕ ਲਿਆ ਤਾਂ ਗੁਰੂ ਪਿਤਾ ਦੇ ਹੁਕਮ ਅਨੁਸਾਰ ਸਹਿਬਜ਼ਾਦਾ ਅਜੀਤ ਸਿੰਘ ਨੇ ਆਪਣੇ ਘੋੜ ਸਵਾਰ ਜੰਗਜੂ ਸਿੰਘਾਂ ਨੂੰ ਨਾਲ ਲੈ ਕੇ ਅਜਿਹਾ ਕਰਨ ਵਾਲਿਆਂ ਨੂੰ ਚੰਗਾ ਸਬਕ ਸਿਖਾਇਆ ਤੇ ਸਿੱਖ ਸੰਗਤ ਨੂੰ ਸੁਰੱਖਿਅਤ ਗੁਰੂ ਸਾਹਿਬ ਤਕ ਲੈ ਕੇ ਆਏ।ਇਕ ਵਾਰ ਦੇਵਦਾਸ ਨਾਂ ਦਾ ਇਕ ਗ਼ਰੀਬ ਬ੍ਰਾਹਮਣ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਆਇਆ ਤੇ ਅਰਜ ਕੀਤੀ ਕਿ ਬੱਸੀ ਦੇ ਕੁਝ ਪਠਾਣ ਹੁਸ਼ਿਆਰਪੁਰ ਨੇੜੇ ਉਸ ਦੀ ਨਵ-ਵਿਆਹੀ ਪਤਨੀ ਨੂੰ ਜਬਰੀ ਲੈ ਗਏ ਹਨ। ਗੁਰੂ ਸਾਹਿਬ ਨੇ ਉਸ ਗ਼ਰੀਬ ਬ੍ਰਾਹਮਣ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਫ਼ਿਕਰ ਨਾ ਕਰੇ, ਖਾਲਸਾ ਫ਼ੌਜ ਉਸ ਦੀ ਪਤਨੀ ਨੂੰ ਬਾਇੱਜ਼ਤ ਵਾਪਸ ਲੈ ਕੇ ਆਵੇਗੀ। ਸੰਕਟ ਦੀ ਇਸ ਘੜੀ ਵਿਚ ਵੀ ਗੁਰੂ ਸਾਹਿਬ ਨੇ ਬਾਬਾ ਅਜੀਤ ਸਿੰਘ ਜੀ ਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪੀ। ਗੁਰੂ ਜੀ ਦੀ ਆਗਿਆ ਨਾਲ ਬਾਬਾ ਜੀ 100 ਘੋੜ ਸਵਾਰ ਸਿੱਖ ਸੈਨਿਕਾਂ ਨੂੰ ਲੈ ਕੈ ਬੱਸੀ ਪਠਾਣਾਂ ਪੁੱਜੇ। ਉਨ੍ਹਾਂ ਨੇ ਆਪਣੇ ਬਹਾਦਰ ਸਿੱਖਾਂ ਨਾਲ ਰਾਤ ਦੇ ਹਨੇਰੇ ਵਿਚ ਹੀ ਪਠਾਣਾਂ ਉੱਪਰ ਹਮਲਾ ਕਰ ਦਿੱਤਾ। ਖ਼ਾਲਸਾ ਫ਼ੌਜ ਨੇ ਇਸ ਘਿਨਾਉਣੀ ਹਰਕਤ ਲਈ ਕਸੂਰਵਾਰ ਪਠਾਣਾਂ ਨੂੰ ਕਾਬੂ ਕਰ ਲਿਆ ਤੇ ਉਸ ਗ਼ਰੀਬ ਬ੍ਰਾਹਮਣ ਦੀ ਪਤਨੀ ਨੂੰ ਉਨ੍ਹਾਂ ਦੀ ਕੈਦ ਤੋਂ ਮੁਕਤੀ ਦਿਵਾਈ। ਖ਼ਾਲਸਾ ਫ਼ੌਜ ਸਵੇਰ ਹੁੰਦਿਆਂ ਹੀ ਕਾਬੂ ਕੀਤੇ ਗਏ ਪਠਾਣਾਂ ਨੂੰ ਲੈ ਕੇ ਅਨੰਦਪੁਰ ਸਾਹਿਬ ਪੁੱਜੀ। ਉਸ ਬ੍ਰਾਹਮਣ ਦੀਪਤਨੀ ਉਸ ਨੂੰ ਸੌਂਪ ਦਿੱਤੀ ਗਈ ਤੇ ਪਠਾਣਾਂ ਨੂੰ ਅਜਿਹੀਆਂ ਸਜ਼ਾਵਾਂ ਦਿੱਤੀਆਂ ਕਿ ਉਨ੍ਹਾਂ ਨੇ ਮੁੜ ਅਜਿਹਾ ਕਾਰਾ ਕਰਨ ਤੋਂ ਤੌਬਾ ਕੀਤੀ।ਅਨੰਦਪੁਰ ਵਿਖੇ ਇਕ ਵਾਰ ਫਿਰ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੇ ਬਾਹੂਬਲ, ਸਾਹਸ ਤੇ ਜੰਗੀ ਸੂਝ-ਬੂਝ ਦੀ ਪਰਖ ਹੋਈ। 1705 ਵਿਚ ਜਦੋਂ ਦੁਸ਼ਮਣਾਂ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਤਾਂ ਗੁਰੂ ਸਾਹਿਬ ਨੇ ਅਚਾਨਕ ਬਣੀ ਅਜਿਹੀ ਹਾਲਤ 'ਤੇ ਵਿਚਾਰ ਕਰਦਿਆਂ ਇਕ ਵਾਰ ਫਿਰ ਇਸ ਸਥਿਤੀ 'ਚੋਂ ਨਿਕਲਣ ਲਈ ਬਾਬਾ ਅਜੀਤ ਸਿੰਘ ਜੀ ਨੂੰ ਜ਼ਿੰਮੇਵਾਰੀ ਸੌਂਪੀ। ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਸੱਤ ਅੱਠ ਮਹੀਨੇ ਦੁਸ਼ਮਣ ਫ਼ੌਜ ਨੇ ਘੇਰਾ ਪਾਈ ਰੱਖਿਆ। ਮੁਗ਼ਲ ਫ਼ੌਜ ਅਤੇ ਪਹਾੜੀ ਰਾਜਿਆਂ ਨੇ ਕਸਮਾਂ ਖਾਧੀਆਂ ਕਿ ਜੇ ਗੁਰੂ ਸਾਹਿਬ ਅਨੰਦਪੁਰ ਦਾ ਕਿਲ੍ਹਾ ਖ਼ਾਲੀ ਕਰ ਦੇਣ ਤਾਂ ਉਹ ਕੋਈ ਨੁਕਸਾਨ ਨਹੀਂ ਕਰਨਗੇ। ਅੰਤ ਮਾਤਾ ਗੁਜਰੀ ਜੀ ਤੇ ਕੁਝ ਸਿੰਘਾਂ ਦੇ ਕਹਿਣ ਤੇ ਜਦ ਗੁਰੂ ਸਾਹਿਬ ਨੇ ਅਨੰਦਪੁਰ ਦਾ ਕਿਲ੍ਹਾ ਖ਼ਾਲੀ ਕੀਤਾ ਤਾਂ ਕਿਲ੍ਹੇ ਤੋਂ ਬਾਹਰ ਨਿਕਲਦਿਆਂ ਹੀ ਮੁਗ਼ਲ ਅਤੇ ਪਹਾੜੀ ਫ਼ੌਜਾਂ ਨੇ ਸਹੁੰਆਂ ਤੋੜ ਕੇ ਹਮਲਾ ਕਰ ਦਿੱਤਾ। ਇਸ ਮੌਕੇਪਹਾੜੀ ਰਾਜਿਆਂ ਤੇ ਮੁਗ਼ਲ ਫ਼ੌਜ ਨਾਲ ਜੂਝਦਿਆਂ ਹੋਇਆਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਆਪਣੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਅਤੇ ਕੁਝ ਸਿੰਘਾਂ ਸਮੇਤ ਸਰਸਾ ਨਦੀ ਪਾਰ ਕਰ ਕੇ ਚਮਕੌਰ ਦੀ ਗੜ੍ਹੀ ਤਕ ਜਾ ਪੁੱਜੇ।ਦਸ ਲੱਖ ਦੀ ਗਿਣਤੀ ਵਾਲੀ ਵੱਡੀ ਫ਼ੌਜ ਨੇ ਚਮਕੌਰ ਦੀ ਗੜ੍ਹੀ ਨੂੰ ਘੇਰ ਲਿਆ। ਵੱਡੀ ਗਿਣਤੀ ਵਿਚ ਮੁਗ਼ਲ ਫ਼ੌਜਾਂ ਦੇ ਮੁਕਬਾਲੇ ਭਾਵੇਂ ਸਿੰਘਾਂ ਦੀ ਗਿਣਤੀ ਨਾਮਾਤਰ ਸੀ ਪ੍ਰੰਤੂ ਗੁਰੂ ਪਿਆਰ ਵਿਚ ਕੁਰਬਾਨ ਹੋਣ ਵਾਲੇ ਮਰਜੀਵੜੇ ਸਿੱਖਾਂ ਨੇ ਦੁਸਮਣ ਬੜੀ ਬਹਾਦਰੀ ਅਤੇ ਸਾਹਸ ਨਾਲ ਡਟ ਕੇ ਮੁਕਾਬਲਾ ਕੀਤਾ। ਚਮਕੌਰ ਦੀ ਗੜ੍ਹੀ ਤੋਂ ਇਹ ਯੁੱਧ ਪੰਜ-ਪੰਜ ਸਿੰਘਾਂ ਦਾ ਜਥਾ ਬਣਾ ਕੇ ਬੜੀ ਬਹਾਦਰੀ ਨਾਲ ਲੜਿਆ ਗਿਆ ਅਤੇ ਸਿੰਘਾਂ ਨੇ ਸੈਂਕੜੇ ਵੈਰੀਆਂ ਨੂੰ ਮਾਰਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ।ਜੰਗ ਦੇ ਇਸ ਸਾਰੇ ਦ੍ਰਿਸ਼ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਅੱਖੀਂ ਤੱਕ ਰਹੇ ਸਨ ਤੇ ਤੀਰਾਂ ਦਾ ਮੀਂਹ ਵਰ੍ਹਾਉਂਦੇ ਹੋਏ ਮੁਗ਼ਲਾਂ ਨੂੰ ਭੰਬਲਭੂਸੇ 'ਚ ਪਾਈ ਰੱਖਿਆ। ਸਿੰਘਾਂ ਦੇ ਇਕ ਜਥੇ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਜੰਗ ਦੇ ਮੈਦਾਨ 'ਚ ਜਾਣ ਲਈ ਆਗਿਆ ਮੰਗੀ। ਗੁਰੂ ਸਾਹਿਬ ਦੀ ਆਗਿਆ ਪਾ ਕੇ ਬਾਬਾ ਅਜੀਤ ਸਿੰਘ ਜੀ ਪੰਜ ਯੋਧਿਆਂ ਦਾ ਜਥਾ ਲੈ ਕੇ ਵੈਰੀਆਂ ਨੂੰ ਲਲਕਾਰਦੇ ਹੋਏ ਮੈਦਾਨੇ-ਜੰਗ ਵਿਚ ਦੁਸਮਣਾਂ ਤੇ ਜਾ ਵਰ੍ਹੇ। ਬਾਬਾ ਅਜੀਤ ਸਿੰਘ ਜੀ ਇਸ ਜੰਗ ਵਿਚ ਬੜੀ ਸੂਰਬੀਰਤਾ ਲੜੇ ਅਤੇ ਅੰਤ ਉਨ੍ਹਾਂ ਸਮੇਤ ਜਥੇ ਦੇ ਬਾਕੀ ਸਿੰਘ ਵੱਡੀ ਗਿਣਤੀ ਵਿਚ ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਸ਼ਹਾਦਤ ਪ੍ਰਾਪਤ ਕਰ ਗਏ।

**ਗੁਰਜੀਵਨ ਸਿੰਘ ਸਿੱਧੂ ਨਥਾਣਾ**

## ਫਲਗੁਣਿ ਮਹੀਨੇ ਰਾਹੀਂ ਗੁਰ ਉਪਦੇਸ਼

**ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥**
**ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥ (ਅੰਗ ੧੩੬)**

ਫਲਗੁਣਿ ਦਾ ਮਹੀਨਾ ਬਾਰਹ ਮਾਹਾ ਅਨੁਸਾਰ ਬਾਰਵਾਂ ਮਹੀਨਾ ਹੈ। ਮਾਘਿ ਤੇ ਫਲਗੁਣਿ-ਸਿਸੀਅਰ ਰੁੱਤ ਦੇ ਮਹੀਨੇ ਹਨ। ਇਸ ਮਹੀਨੇ ਦੇ ਨਾਮਕਰਣ ਬਾਰੇ ਜਾਣੀਏ ਤਾਂ 'ਮਹਾਨ ਕੋਸ਼' ਅਨੁਸਾਰ ਜਿਸ ਦੀ ਪੂਰਨਮਾਸ਼ੀ ਨੂੰ ਚੰਦ੍ਰਮਾ- ਪੂਰਵਾਫਾਲਗੁਨੀ ਅਥਵਾ ਉਤਰਾ ਫਾਲੁਗੁਣੀ ਨਛੱਤ੍ਰ ਵਿਚ ਉਦੈ ਹੋਵੇ। ਸੰਖਿਆ ਕੋਸ਼ ਅਨੁਸਾਰ ਸਤਾਈ ਨਛੱਤ੍ਰਾਂ ਵਿੱਚੋਂ ਗਿਆਰਵਾਂ ਨਛੱਤ੍ਰ ਪੂਰਵਾ ਫਾਲਗੁਣੀ ਤੇ ਬਾਰਵਾਂ ਉਤਰਾ ਫਾਲਗੁਨੀ ਹੈ। ਸ੍ਰੀ ਗੁਰੂ ਗ੍ਰੰਥ ਕੋਸ਼ ਅਨੁਸਾਰ (ਸੰਸਕ੍ਰਿਤ ਫਾਲਗੁਨ) ਫੱਗਣ ਦਾ ਮਹੀਨਾ। ਇਸ ਲਈ ਇਨ੍ਹਾਂ ਨਛੱਤ੍ਰਾਂ ਤੋਂ ਇਸ ਮਹੀਨੇ ਦਾ ਨਾਮ ਫਲਗੁਣਿ ਰੱਖਿਆ ਗਿਆ।'ਸਮ ਅਰਥ ਕੋਸ਼' ਵਿਚ ਫਲਗੁਣਿ ਦੇ ਸਮਾਨਅਰਥੀ ਸ਼ਬਦ- ਤਪਸਯ, ਤਪਾ, ਫਲਗੁਣ, ਨਾਗ, ਫਾਲਗੁਨ, ਫਾਲ ਗੁਣਿਕ ਆਦਿ ਹਨ। ਆਮ ਬੋਲਚਾਲ ਵਿਚ ਅਸੀਂ 'ਫੱਗਣ ਸ਼ਬਦ ਉਚਾਰਦੇ ਹਾਂ। ਇਸ ਮਹੀਨੇ ਸਰਦ ਰੁੱਤ ਦਾ ਜੋਰ ਘੱਟਣ ਕਰਕੇ ਫੱਗਣ ਕੰਧੀ ਲੱਗਣਾ ਲੋਕ ਮੁਹਾਵਰਾ ਹੈ, ਭਾਵ ਧੁੱਪ ਤੋਂ ਬਚਾਉ ਲਈ ਕੰਧ ਦੀ ਛਾਂ ਦਾ ਸਹਾਰਾ ਭਾਲਿਆ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਰੁੱਤ ਬਦਲਾਓ ਦਾ ਨਕਸ਼ਾ ਇਉਂ ਵੀ ਉਚਾਰਿਆ ਗਿਆ ਹੈ :ਅੱਸੂ ਸਿਆਲਾ ਜੰਮਿਆਂ, ਕੱਤੇ ਵੱਡਾ ਹੋ। ਮੱਘਰ ਫੌਜਾਂ ਚਾੜੀਆਂ, ਪੋਹ ਲੜਾਈ ਹੋ। ਮਾਘ ਪਾਲਾ ਜੰਮਿਆਂ, ਫੱਗਣ ਕੀਤਾ ਸੋ। ਚੇਤਰ ਪਿੰਡ ਪੜ੍ਹਾਇਆ, ਵੈਸਾਖ ਵਿਦਿਆ ਹੋ।ਦਸਮ ਪਾਤਸ਼ਾਹ ਜੀ ਨੇ ਬ੍ਰਿਹ ਨਾਟਕ ਬਾਰਾਮਾਹ ਵਿਚ ਸ਼ਬਦ 'ਫਾਗੁਨ' ਲਿਖਿਆ ਹੈ। ਇਸ ਮਹੀਨੇ ਬ੍ਰਿਹੋਂ ਕੁੱਠੀ ਆਤਮਾ ਦੀ ਅਵਸਥਾ ਨੂੰ ਇਉਂ ਬਿਆਨ ਕੀਤਾ ਹੈ :

ਫਾਗੁਨ ਫਾਗ ਬਯੋ ਅਨੁਰਾਗ ਸੁਹਾਗਨ ਭਾਗ ਸੁਹਾਗ ਸੁਹਾਈ ॥
ਕੇਸਰ ਚੀਰ ਬਨਾਇ ਸਰੀਰ ਗੁਲਾਬ ਅਬੀਰ ਗੁਲਾਲ ਉਡਾਈ ॥
ਸੋ ਛਬਿ ਮੈ ਨ ਲਖੀ ਜਨ ਦ੍ਵਾਦਸ ਮਾਸ ਕੀ ਸੋਭਤ ਆਗ ਜਗਾਈ ॥
ਆਸ ਕੋ ਤਜਾਗ ਨਿਰਾਸ ਭਈ ਟਸਯੋ ਨ ਹੀਯੋ ਕਸਕਜੋ ਨ ਕਸਾਈ ॥੯੨੫॥(ਸ੍ਰੀ ਦਸਮ ਗ੍ਰੰਥ, ਪੰਨਾ ੩੭੭-੭੮)

ਭਾਵ - ਸੁਹਾਗ ਭਾਗ ਵਾਲੀਆਂ ਸੁਹਾਗਣਾਂ ਨੂੰ ਫੱਗਣ ਦੇ ਮਹੀਨੇ ਅਨੰਤ ਖ਼ੁਸ਼ੀ ਹੈ।ਉਨ੍ਹਾਂ ਸਰੀਰ ਦੇ ਕੱਪੜੇ ਕੇਸਰ ਰੰਗੇ ਕੀਤੇ ਹਨ ਤੇ ਗੁਲਾਬ ਦੇ ਅਰਕ ਤੋਂ ਤਿਆਰ ਸੁਗੰਧੀ ਵਾਲੀ ਗੁਲਾਲ ਮਲਦੀਆਂ ਹਨ। ਉਸ ਦੀ ਉਪਮਾ (ਛਬਿ) ਮੈਂ ਇਹੋ ਜਾਣੀ ਹੈ ਕਿ ਮਾਨੋਂ ਬਾਰਾਂ ਮਹੀਨਿਆਂ (ਦ੍ਵਾਦਸ ਮਾਸ) ਦੀ ਸੁੱਤੀ ਪ੍ਰੇਮ ਅਗਨੀ ਜਗਾਈ ਹੈ ਪਰ ਮੈਂ ਆਸ ਨੂੰ . ਤਿਆਗ ਕੇ ਨਿਰਾਸ ਹਾਂ ਕਿ ਪ੍ਰੇਮੀ ਦਾ ਹਿਰਦਾ ਨਹੀਂ ਝੁਕਿਆ (ਟਸਕਯੋ) ਤੇ ਨਾ ਹੀ ਸਾਡੀ ਖਿੱਚ (ਕਸਯੋ) ਹੈ।ਫਲਗੁਣਿ ਦੇ ਮਹੀਨੇ ਪ੍ਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਰਹ ਮਾਹਾ ਤੁਖਾਰੀ ਵਿਚਇਉਂ ਉਪਦੇਸ਼ ਬਖ਼ਸ਼ਿਸ਼ ਕੀਤਾ ਹੈ :

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥ ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥

ਭਾਵ ਕਿ ਸਖਤ ਸਰਦੀ ਤੋਂ ਬਾਅਦ ਰੁੱਤ ਬਦਲੀ ਤੇ ਫੱਗਣ ਦੇ ਮਹੀਨੇ 'ਚ ਜਿਸ ਜੀਵ ਦੇ ਮਨ ਵਿਚ ਪ੍ਰਭੂ ਪਿਆਰ ਮਿੱਠਾ ਲੱਗਾ ਅਤੇ ਜਿਸ ਨੇ ਆਪਾ ਭਾਵ ਗੁਆ ਲਿਆ, ਉਸ ਦੇ ਮਨ ਵਿਚ ਹਰ ਵੇਲੇ ਖਿੜਾਓ ਬਣਿਆ ਰਹਿੰਦਾ ਹੈ।ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥ਜਦ ਜੀਵ ਨੇ ਮਾਇਆ ਦਾ ਮੋਹ ਦੂਰ ਕੀਤਾ ਤੇ ਜਦ ਪ੍ਰਭੂ ਨੂੰ ਚੰਗਾ ਲੱਗਾ ਤੇ ਉਸ ਦੀ ਕਿਰਪਾ ਨਾਲ ਹਿਰਦੇ ਰੂਪੀ ਘਰ ਵਿਚ ਪ੍ਰਭੂ ਦਾ ਆਉਣਾ ਹੋਇਆ। ਦੂਜੇ ਪਾਸੇ ਪ੍ਰਭੂ ਪਿਆਰ ਤੋਂ ਸੱਖਣੀ ਅਨੇਕਾਂ ਸ਼ਿੰਗਾਰ ਕਰਦੀ ਹੈ ਪਰ ਦੁਹਾਗਣ ਨੂੰ ਪ੍ਰਭੂ ਕੰਤ ਦੇ ਮਹੱਲ ਵਿਚ ਥਾਂ ਨਹੀਂ ਮਿਲਿਆ।

ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥੧੬॥

ਜੋ ਜੀਵ-ਇਸਤਰੀ ਪ੍ਰਭੂ ਕੰਤ ਨੇ ਅਪਣਾਅ ਲਈ, ਉਹ ਸਮਝੋ ਹਾਰ, ਬਾਜੂਬੰਦ, ਰੇਸ਼ਮੀ ਬਸਤਰਾਂ ਆਦਿ ਨਾਲ ਸਹਿਜੇ ਹੀ ਸ਼ਿੰਗਾਰੀ ਗਈ। ਅੰਤ ਸਤਿਗੁਰੂ ਜੀ ਸਮਝਾਉਂਦੇ ਹਨ ਕਿ ਜੋ ਜੀਵ-ਇਸਤਰੀ ਗੁਰੂ ਨੇ ਆਪਣੇ ਲੜ ਲਾ ਲਈ, ਉਸ ਨੇ ਆਪਣੇ ਹਿਰਦੇ ਘਰ ਵਿਚ ਹੀ ਪ੍ਰਭੂ ਕੰਤ ਦਾ ਮਿਲਾਪ ਪ੍ਰਾਪਤ ਕਰ ਲਿਆ।ਭਾਵੇਂ ਕਿਸੇ ਮਤ ਵਿਚ ਫੱਗਣ ਮਹੀਨੇ ਦੇ ਹਨੇਰੇ ਪੱਖ ਦੀ ਇਕਾਦਸ਼ੀ ਨੂੰ ਵਿਜੈ ਇਕਾਦਸ਼ੀ ਦਾ ਵਰਤ ਵੀ ਰੱਖਿਆ ਜਾਂਦਾ ਕਿ ਮਨੁੱਖ ਅਗਲੇਰੇ ਜਨਮ ਵਿਚ ਰਾਜ ਭਾਗ ਦਾ ਅਧਿਕਾਰੀ ਬਣੇਗਾ ਅਤੇ ਵਿਰੋਧੀਆਂ ਉੱਪਰ ਜਿੱਤ ਪ੍ਰਾਪਤ ਕਰਨ ਲਈ ਹਨੇਰੇ ਪੱਖ ਦੀ ਇਕਾਦਸ਼ੀ ਦੇ ਵਰਤ ਦਾ ਵਿਚਾਰ ਵੀ ਹੈ। ਗੁਰਮਤਿ ਵਿਚ ਅਜਿਹਾ ਕੋਈ ਵੀ ਭਰਮ ਕਰਮ ਨਹੀਂ ਹੈ। ਸਤਿਗੁਰਾਂ ਨੇ ਫਲਗੁਣਿ ਮਹੀਨੇ ਪ੍ਰਥਾਇ ਸਾਨੂੰ ਜੋ ਉਪਦੇਸ਼ ਬਖ਼ਸ਼ਿਆ ਹੈ, ਅਸੀਂ ਉਸ ਉੱਪਰ ਭਰੋਸੇ ਨਾਲ ਪਹਿਰਾ ਦੇਣਾ ਹੈ। ਬਾਰਹ ਮਾਹਾ ਮਾਂਝ ਵਿਚ ਪੰਚਮ ਪਾਤਸ਼ਾਹ ਜੀਉਪਦੇਸ਼ ਦ੍ਰਿੜਾਉਂਦੇ ਹਨ :

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥

ਭਾਵ - ਫੱਗਣ ਦੇ ਮਹੀਨੇ ਜਦ ਪ੍ਰਭੂ ਪ੍ਰੀਤਮ-ਜੀਵ ਰੂਪੀ ਇਸਤਰੀ ਦੇ ਹਿਰਦੇ ਵਿਚ ਪ੍ਰਗਟ ਹੋਏ ਤਾਂ ਆਤਮਿਕ ਅਨੰਦ ਦੀ ਪ੍ਰਾਪਤੀ ਹੋਈ। ਪ੍ਰਭੂ ਮਿਲਾਪ ਵਿਚ ਸਹਾਇਤਾ ਕਰਨ ਵਾਲੇ ਸੰਤ ਜਨ ਸਹਾਈ ਹੋਏ ਤੇ ਕਿਰਪਾ ਕਰ ਕੇ ਪ੍ਰਭੂ ਨਾਲ ਮਿਲਾ ਦਿੱਤਾ।

ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥ ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥(ਅੰਗ ੧੩੬)

ਪ੍ਰਭੂ ਮਿਲਾਪ ਸਦਕਾ ਹਿਰਦਾ ਰੂਪੀ ਸੇਜ ਸੁਹਾਵਣੀ ਹੋਈ ਤੇ ਸਾਰੇ ਸੁਖ ਪ੍ਰਾਪਤ ਹੋ ਗਏ ਤੇ ਹੁਣ ਦੁੱਖਾਂ ਲਈ ਥਾਂ ਹੀ ਨਹੀਂ ਰਹੀ। ਇੱਛਾ ਪੂਰੀ ਹੋਈ ਤਾਂ ਜੀਵ-ਇਸਤਰੀ ਵਡਭਾਗਣ ਹੋ ਗਈ ਤੇ ਉਸ ਨੇ ਪ੍ਰਭੂ ਮਾਲਕ ਨੂੰ ਪ੍ਰਾਪਤ ਕਰ ਲਿਆ।ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥ ਅਜਿਹੀਆਂ ਵਡਭਾਗਣਾਂ ਸਤਸੰਗੀ ਸਹੇਲੀਆਂ ਨਾਲ ਮਿਲ ਕੇ ਪ੍ਰਭੂ ਦੀ ਸਿਫਤ-ਸਾਲਾਹ ਦੇ ਗੀਤ ਭਾਵ ਗੁਰਬਾਣੀ ਗਾਉਂਦੀਆਂ ਹਨ ਤੇ ਪ੍ਰਭੂ ਵਰਗਾ ਉਨ੍ਹਾਂ ਨੂੰ ਕੋਈ ਹੋਰ ਨਜ਼ਰ ਨਹੀਂ ਆਉਂਦਾ, ਜੋ ਉਸ ਦੀ ਬਰਾਬਰੀ ਕਰ ਸਕੇ।ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥ਪ੍ਰਭੂ ਨੇ ਉਨ੍ਹਾਂ ਦਾ ਲੋਕ ਪ੍ਰਲੋਕ ਸਵਾਰ ਦਿੱਤਾ ਤੇ ਅਚਲ ਸਥਾਨ ਬਖ਼ਸ਼ ਦਿੱਤਾ।ਸੰਸਾਰ ਸਮੁੰਦਰ ਦੀਆਂ ਮਾਰੂ ਲਹਿਰਾਂ ਤੋਂ ਬਚਾਅ ਲਿਆ ਤੇ ਜਨਮ-ਮਰਨ ਦਾ ਗੇੜ ਖ਼ਤਮ ਕਰ ਦਿੱਤਾ।

ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

ਸਤਿਗੁਰੂ ਜੀ ਫ਼ਰਮਾਉਂਦੇ ਹਨ ਕਿ ਸਾਡੀ ਜੀਭ ਇਕ ਹੈ ਤੇ ਪ੍ਰਭੂ ਦੇ ਗੁਣ ਅਨੇਕ ਹਨਪਰ ਜੋ ਜੀਵ ਉਸ ਦੇ ਚਰਨੀਂ ਲੱਗ ਗਏ ਉਹ ਤਰ ਗਏ। ਇਸ ਲਈ ਫੱਗਣ ਦੇ ਮਹੀਨੇ ਉਸ ਸਮਰੱਥ ਪ੍ਰਭੂ ਦੀ ਨਿੱਤ ਸਿਫਤ-ਸਾਲਾਹ ਕਰਨੀ ਚਾਹੀਦੀ ਹੈ ਭਾਵ ਕਿ ਉਸ ਨੂੰ ਸਿਮਰਨਾ ਚਾਹੀਦਾ ਹੈ, ਜਿਸ ਨੂੰ ਆਪਣੀ ਵਡਿਆਈ ਦਾ ਰੱਤਾ ਭਰ ਵੀ ਲਾਲਚ ਨਹੀਂ ਪਰ ਇਸ ਵਿਚ ਸਾਡਾ ਭਲਾ ਹੈ।ਬਾਰਹ ਮਾਹਾ ਬਾਣੀ ਦੇ ਅੰਤ ਵਿਚ ਤੱਤਸਾਰ ਹੈ ਕਿ ਜਦ ਕੋਈ ਜੀਵ ਬਾਰਾਂ ਮਹੀਨੇ ਹੀ ਉਸ ਪ੍ਰਭੂ ਦੀ ਬੰਦਗੀ ਤੇ ਭਾਣੇ ਵਿਚ ਗੁਜ਼ਾਰਦਾ ਹੈ ਤਾਂ ਨਾਮ ਧਿਆਉਣ ਵਾਲਿਆਂ ਨੂੰ ਕੀ ਪ੍ਰਾਪਤੀ ਹੋਈ ? ਸਤਿਗੁਰੂ ਜੀ ਫਰਮਾਉਂਦੇ ਹਨ :

ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥
ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥
ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥ ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥
ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥

ਭਾਵ : ਜਿਸ-ਜਿਸ ਜੀਵ ਨੇ ਪ੍ਰਭੂ ਨਾਮ ਸਿਮਰਿਆ, ਉਨ੍ਹਾਂ ਦੇ ਸਾਰੇ ਕਾਰਜ ਸੰਵਰ ਗਏ। ਪੂਰੇ ਗੁਰੂ ਨੂੰ ਜਦ ਅਰਾਧਿਆ ਤਾਂ ਅਰਾਧਣ ਵਾਲੇ ਸੱਚੀ ਦਰਗਾਹ ਵਿਚ ਪ੍ਰਵਾਨ ਚੜ੍ਹ ਗਏ। ਸਾਰੇ ਸੁੱਖਾਂ ਦਾ ਖ਼ਜ਼ਾਨਾ ਤਾਂ ਪ੍ਰਭੂ ਦੇ ਚਰਨ ਕਮਲ ਹਨ, ਇਸ ਲਈ ਔਖੇ ਤਰੇ ਜਾਣ ਵਾਲੇ ਸੰਸਾਰ ਸਮੁੰਦਰ ਤੋਂ ਉਹ ਪਾਰ ਹੋ ਗਏ। ਉਨ੍ਹਾਂ ਨੇ ਪ੍ਰੇਮਾ ਭਗਤੀ ਪ੍ਰਾਪਤ ਕਰ ਲਈ ਤੇ ਤ੍ਰਿਸ਼ਨਾ ਦੀ ਅੱਗ ਵਿਚ ਨਾ ਸੜੇ। ਵਿਅਰਥ ਦੇ ਝੂਠੇ ਲਾਲਚ ਖ਼ਤਮ ਹੋ ਗਏ ਤੇ ਸੱਚ ਨਾਲ ਭਰਪੂਰ ਹੋ ਕੇ ਪੂਰਨ ਪੁਰਸ਼ ਹੋ ਗਏ। ਉਹ ਮਨ ਵਿਚ ਇਕ ਪ੍ਰਭੂ ਨੂੰ ਟਿਕਾ ਕੇ ਉਸ ਨੂੰ ਸਿਮਰਦੇ ਰਹੇ। ਇਸ ਲਈ ਪ੍ਰਭੂ ਮਿੱਤਰ ਦੀ ਨਜ਼ਰ ਵਾਲਿਆਂ ਲਈ ਸਾਰੇ ਹੀ ਮਹੀਨੇ, ਦਿਨ, ਮਹੂਰਤ (ਸਮੇਂ) ਭਲੇ ਹਨ। ਨਾਨਕ ਤਾਂ ਦਰਸ਼ਨ ਦੀ ਦਾਤ ਮੰਗਦਾ ਹੈ, ਹੇ ਪ੍ਰਭੂ ਜੀ ! ਮਿਹਰ ਕਰੋ। ਤੱਤਸਾਰ ਵਜੋਂ ਸਿੱਖ ਨੇ ਗੁਰਬਾਣੀ ਉੱਪਰ ਭਰੋਸਾ ਰੱਖਣਾ ਹੈ ਤੇ ਉਸ ਦੇ ਸਾਰੇ ਹੀ ਮਹੀਨੇ ਸਫਲ ਹੋਣਗੇ।

**ਡਾ. ਇੰਦਰਜੀਤ ਸਿੰਘ ਗੋਗੋਆਣੀ**

# ਆਤਮ-ਰਸੀ ਆਤਮਾ-ਸੰਤ ਗਿਆਨੀ ਸੁੰਦਰ ਸਿੰਘ ਬੋਪਾਰਾਏ

ਰੱਬੀ ਰੰਗ ਵਿੱਚ ਰੰਗੀ ਆਤਮ-ਰਸੀ ਆਤਮਾ ਦੇ ਮਾਲਕ, ਪਰਉਪਕਾਰੀ, ਹਰ ਪਲ ਗੁਰਮਤਿ ਦੀ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਆਪਣਾ ਜੀਵਨ ਮਨੋਰਥ ਸਮਝਣ ਵਾਲੇ ਸੰਤ ਗਿਆਨੀ ਸੁੰਦਰ ਸਿੰਘ ਬੋਪਾਰਾਏ (ਸੰਪਰਦਾਇ ਭਿੰਡਰਾਂ) ਅਜਿਹੀ ਉੱਘੀ ਤੇ ਸਿੱਖ ਜਗਤ ਵਿੱਚ ਜਾਣੀ ਪਛਾਣੀ ਧਾਰਮਿਕ ਸ਼ਖ਼ਸੀਅਤ ਸਨ, ਜਿਨ੍ਹਾਂ ਆਪਣੇ ਜੀਵਨ ਦੌਰਾਨ ਸ੍ਰੀ ਗੁਰੂ ਸਾਹਿਬ ਜੀ ਦੀ ਪਾਵਨ ਗੁਰਬਾਣੀ ਦੀ ਉੱਨੀਂ ਸੰਪੂਰਨ ਕਥਾ ਕੀਤੀਆਂ । ਸਮੁੱਚੇ ਸੰਸਾਰ ਵਿੱਚ ਵੱਸਣ ਵਾਲੇ ਕਰੋੜਾਂ ਸਿੱਖਾਂ ਨੂੰ ਲਗਪਗ 1300 ਅਜਿਹੇ ਕਥਾ ਵਾਚਕ ਵਿੱਦਿਆਰਥੀ ਦਿੱਤੇ । ਜਿਨ੍ਹਾਂ ਦੁਨੀਆਂ ਭਰ ਵਿੱਚ ਸਿੱਖਾਂ ਵੱਲੋਂ ਸਥਾਪਤ ਸੰਸਥਾਵਾਂ, ਗੁਰਦੁਆਰਾ ਸਾਹਿਬਾਨ ਵਿੱਚ ਲੱਖਾਂ ਸਿੱਖ ਸੰਸਥਾਂ ਜੀਵਨ ਜੁਗਤਿ ਸਮਝਾਈ । ਇਨ੍ਹਾਂ ਕਥਾ-ਵਾਚਕਾਂ, ਟਕਸਾਲੀ ਗ੍ਰੰਥੀ ਸਿੰਘਾਂ ਨੂੰ ਸਿੱਖ ਜਗਤ ਨੇ ਪੂਰਾ ਮਾਣ ਸਨਮਾਨ ਦਿੱਤਾ । ਇਨ੍ਹਾਂ ਨੇ ਬਤੌਰ ਗੁਰਮਤਿ ਦੀ ਰੋਸ਼ਨੀ ਵਿੱਚ ਪ੍ਰਚਾਰ ਕਰਨ ਵਾਲੇ ਸੈਂਕੜੇ ਗੁਰਮੁੱਖਾਂ ਨੂੰ ਇਤਿਹਾਸਕ ਗੁਰਦੁਆਰਾ ਸਾਹਿਬ, ਤਖ਼ਤ ਸਾਹਿਬਾਨ ਤੇ ਗੁਰਮਤਿ ਦੀ ਟਕਸਾਲੀ ਸਿੱਖਿਆ ਨੂੰ ਪ੍ਰਚਾਰਨ ਲਈ ਯੋਗਦਾਨ ਪਾਇਆ । ਸੰਤ ਗਿਆਨੀ ਸੁੰਦਰ ਸਿੰਘ ਨੇ ਸੰਪਰਦਾਇ ਭਿੰਡਰਾਂ ਵੱਲੋਂ ਗੁਰਬਾਣੀ ਦੀ ਵਿਆਖਿਆ ਪ੍ਰਣਾਲੀ ਲਈ ਜਿਹੜਾ ਸ਼ਲਾਘਾਯੋਗ ਕਾਰਜ ਕੀਤਾ, ਉਸ ਨੂੰ ਹਮੇਸ਼ਾਂ ਲਈ ਯਾਦ ਕੀਤਾ ਜਾਂਦਾ ਰਹੇਗਾ ।

ਇਸ ਮਹਾਨ ਹਸਤੀ ਦਾ ਜਨਮ ਪਿਤਾ ਸ। ਖਜ਼ਾਨ ਸਿੰਘ ਤੇ ਮਾਤਾ ਮਹਿਤਾਬ ਕੌਰ ਦੇ ਗ੍ਰਹਿ ਵਿਖੇ 18 ਅਗਸਤ, 1883 ਈ: ਨੂੰ ਉਸ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਭਿੰਡਰਕਲਾਂ ਵਿਖੇ ਹੋਇਆ । ਮੁੱਢਲੀ ਸਿੱਖਿਆ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਅਤੇ ਆਪਣੇ ਸਤਿਕਾਰਯੋਗ ਪਿਤਾ ਜੀ ਭਾਈ ਖਜ਼ਾਨ ਸਿੰਘ ਤੋਂ ਪ੍ਰਾਪਤ ਕੀਤੀ, ਜੋ ਆਪਣੇ ਸਮੇਂ ਉੱਘੇ ਟਕਸਾਲੀ ਵਿਦਵਾਨ ਸਨ । ਇਸ ਤੋਂ ਪਿੱਛੋਂ ਪਿੰਡ ਦਾਦ ਦੇ ਉਦਾਸੀ ਸੰਤ ਪੰਡਿਤ ਜਵਾਲਾ ਦਾਸ ਅਤੇ ਪੰਡਿਤ ਭਗਤ ਰਾਮ ਤੋਂ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਗ੍ਰੰਥਾਂ ਦਾ ਅਧਿਐਨ ਕੀਤਾ । ਗੁਰਮਤਿ ਦੇ ਗਹਿਰ-ਗੰਭੀਰ ਅਧਿਐਨ ਲਈ ਸੰਤ ਗਿਆਨੀ ਸੁੰਦਰ ਸਿੰਘ ਨੇ ਸਮੁੱਚੇ ਮਾਲਵੇ ਖੇਤਰ ਭਰਮਣ ਕੀਤਾ, ਆਪਣੇ ਸਮੇਂ ਕਈ ਵਿਦਵਾਨਾਂ ਦੀ ਸੰਗਤ ਕੀਤੀ । ਇਸ ਤੋਂ ਬਾਅਦ ਸਿੱਖੀ ਦੇ ਕੇਂਦਰ ਅੰਮ੍ਰਿਤਸਰ ਵੀ ਪੁੱਜੇ, ਪਰ ਅਜੇ ਅਜਿਹੇ ਮੁਰਸ਼ਦ ਦੀ ਤਲਾਸ਼ ਵਿੱਚ ਜੋ ਬੰਦਗੀ ਅਤੇ ਅਨੁਭਵੀ ਸਿੱਖਿਆ ਦਾ ਗਿਆਨ ਵੀ ਕਰਵਾ ਸਕੇ । ਆਖਰ 23-24 ਸਾਲ ਦੀ ਉਮਰ ਵਿੱਚ 1906 ਈ: ਵਿੱਚ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਗੁਜਰਾਤ ਦੇ ਕਸਬਾ ਮੁਰਾਲਾ (ਪਾਕਿਸਤਾਨ) ਵਿੱਚ ਉਸ ਸਮੇਂ ਦੀ ਉੱਘੀ ਸਿੱਖ ਧਾਰਮਿਕ ਸ਼ਖ਼ਸੀਅਤ ਸੰਤ ਬਾਬਾ ਬਿਸ਼ਨ ਸਿੰਘ ਮੁਰਾਲੇ ਵਾਲਿਆਂ ਦੀ ਸੇਵਾ ਵਿੱਚ ਜਾ ਹਾਜ਼ਰ ਹੋਏ । ਉਨ੍ਹਾਂ ਦੇ ਲਾਡਲੇ ਸ਼ਿਸ਼ ਵਜੋਂ ਦੋ ਸਾਲ ਇਥੇ ਰਹਿ ਕੇ ਗੁਰਮਤਿ ਦੀ ਟਕਸਾਲੀ ਵਿੱਦਿਆ ਦਾ ਡੂੰਘਾ ਅਧਿਐਨ ਕੀਤਾ । ਜਦੋਂ ਗੁਰਮਤਿ ਵਿਚਾਰਧਾਰਾ ਵਿੱਚ ਪ੍ਰਪੱਕਤਾ ਹਾਸਲ ਹੋ ਗਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀਆਂ 19 ਕਥਾ ਕਰਨ ਤੋਂ ਇਲਾਵਾ ਦੋ ਵਾਰ ਸ੍ਰੀ ਦਸਮ ਗ੍ਰੰਥ ਦੀ ਸੰਪੂਰਨ ਕਥਾ ਕੀਤੀ । ਆਪਣੇ ਸੈਂਕੜੇ ਵਿੱਦਿਆਰਥੀਆਂ ਨੂੰ ਗੁਰਮਤਿ ਦੇ ਮਾਰਤੰਡ ਵਿਦਵਾਨ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਸਵੱਈਆਂ, ਕਬਿਤਾਂ ਦੇ ਅਰਥਾਂ ਵਿੱਚ ਵੀ ਨਿਪੁੰਨ ਕੀਤਾ । ਆਪ ਜੀ ਨੇ ਭਿੰਡਰਕਲਾਂ, ਬੋਪਾਰਾਏ, ਤਖ਼ਤੂਪੁਰਾ ਆਦਿ ਹੋਰ ਥਾਵਾਂ 'ਤੇ ਗੁਰਮਤਿ ਪ੍ਰਚਾਰ ਕੇਂਦਰ ਸਥਾਪਿਤ ਕੀਤੇ । ਇਨ੍ਹਾਂ ਕੇਂਦਰਾਂ ਤੋਂ ਹਜ਼ਾਰਾਂ ਵਿੱਦਿਆਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਤੋਂ ਇਲਾਵਾ ਸਿੱਖ ਧਰਮ, ਵੇਦਾਂਤ ਅਤੇ ਹੋਰ ਅਨੇਕਾਂ ਗ੍ਰੰਥਾਂ ਦਾ ਅਧਿਐਨ ਕੀਤਾ ।

ਆਪ ਜੀ ਨੇ ਮੋਗੇ ਦੇ ਨੇੜੇ ਪਿੰਡ ਰੋਡੇ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂਅ 'ਤੇ ਸਕੂਲ ਦੀ ਸਥਾਪਨਾ ਕੀਤੀ, ਜੋ ਪਿੱਛੋਂ ਉੱਚ ਵਿੱਦਿਆ ਲਈ ਕਾਲਜ ਦਾ ਰੂਪ ਧਾਰਨ ਕਰ ਗਿਆ । ਇਸ ਤੋਂ ਬਾਅਦ ਵਿੱਚ ਪੰਜਾਬ ਦੇ ਲੋਕਾਂ ਨੂੰ ਖਾਸ ਕਰਕੇ ਸਿੱਖਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਪਛੜਦਿਆਂ ਦੇਖ ਕੇ ਅੱਧੀ ਦਰਜਨ ਹੋਰ ਸਕੂਲ ਸਥਾਪਿਤ ਕੀਤੇ । ਜਿਨ੍ਹਾਂ ਵਿੱਚ ਭਿੰਡਰਕਲਾਂ, ਕੋਕਰੀਕਲਾਂ, ਬੋਪਾਰਾਏ ਕਲਾਂ, ਤਖ਼ਤੂ ਪੁਰਾ, ਰਾਏ ਕੋਟ ਵਰਗੇ ਵੱਡੇ ਪਿੰਡਾਂ ਵਿੱਚ ਸੰਗਤ ਦੇ ਸਹਿਯੋਗ ਨਾਲ ਇਹ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ । ਇਨ੍ਹਾਂ ਦੇ ਜੀਵਨ ਕਾਲ ਦੇ ਇਨ੍ਹਾਂ ਵਰ੍ਹਿਆਂ ਵਿੱਚ ਗੁਰਧਾਮਾਂ ਦੀ ਅਜ਼ਾਦੀ ਲਈ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ । ਇਸ ਵੱਡੇ ਸੰਘਰਸ਼ ਵਿੱਚ ਸ਼ਾਮਿਲ ਹੋਣ ਲਈ ਹਕੂਮਤ ਦੀਆਂ ਵਧੀਕੀਆਂ ਦੇ ਵਿਰੋਧ ਵਿੱਚ ਸਿੱਖ ਪਰਿਵਾਰਾਂ ਵਿੱਚ ਸਖ਼ਤ ਰੋਹ ਦੀ ਲਹਿਰ ਚੱਲ ਰਹੀ ਸੀ । ਮਾਲਵੇ ਦੇ ਇਲਾਕੇ ਵਿੱਚ ਗੁਰਧਾਮਾਂ ਦੀ ਹੋ ਰਹੀ ਬੇਅਦਬੀ ਅਤੇ ਦੇਸ਼ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਛੁਟਕਾਰਾ ਦਿਵਾਉਣ ਲਈ ਸੰਘਰਸ਼ ਕਰ ਰਹੇ ਸਿੱਖ ਯੋਧਿਆਂ ਨੂੰ ਵਿਸ਼ੇਸ਼ ਸਹਿਯੋਗ ਦੇ ਕੇ ਚਾਲੀ ਮੁਕਤਿਆਂ ਦੀ ਪਾਵਨ ਧਰਤੀ ਸ੍ਰੀ ਮੁਕਤਸਰ ਸਾਹਿਬ ਦੇ ਗੁਰਧਾਮਾਂ ਅਤੇ ਗੁਰਦੁਆਰਾ ਪਾਤਸ਼ਾਹ ਦੱਸਵੀਂ ਹੋਰਾਂ ਦੇ ਗੁਰੂ ਘਰਾਂ ਦੀ ਸੇਵਾ ਨਵੀਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿਵਾਉਣ ਵਿੱਚ ਆਪਣਾ ਯੋਗਦਾਨ ਪਾਇਆ । ਆਪਣਾ ਪੂਰਾ ਜੀਵਨ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ, ਲੱਖਾਂ ਸਿੱਖ ਸੰਗਤ ਨੂੰ ਗੁਰਮਤਿ ਸਿੱਖਿਆ, ਗੁਰਬਾਣੀ ਵਿਆਖਿਆ ਨੂੰ ਸਮਰਪਿਤ ਕੀਤਾ । ਉਨ੍ਹਾਂ ਦਾ ਨਿਸ਼ਚਾ ਸੀ, ਦੇਸ਼ ਦੁਨੀਆਂ ਵਿੱਚ ਰਹਿਣ ਵਾਲਾ ਹਰ ਸਿੱਖ ਗੁਰੂ ਸਾਹਿਬਾਨ ਤੇ ਸਿੱਖ ਸ਼ਹੀਦਾਂ, ਮਰਜੀਵੜਿਆਂ ਦੇ ਇਤਿਹਾਸ ਤੋਂ ਜਾਣੂ ਹੋਵੇ । ਆਪਣੇ ਜੀਵਨ ਦੇ ਬੇਸ਼ਕੀਮਤੀ ਵਰ੍ਹੇ ਗੁਰੂ ਸਾਹਿਬਾਨ ਦੀ ਇਸ ਪਾਵਨ ਧਰਤੀ ਤੇ ਸਿੱਖ ਸੰਗਤ ਵਿੱਚ ਵਿਚਰਦਿਆਂ ਗੁਰਮਤਿ ਦਾ ਹੋਕਾ ਦਿੰਦਿਆਂ ਬਤੀਤ ਕੀਤੇ । 47-48 ਸਾਲ ਦੀ ਆਯੂ ਵਿੱਚ 15 ਫ਼ਰਵਰੀ, 1930 ਈ: ਨੂੰ ਗੁਰਦੁਆਰਾ ਸਚਖੰਡ ਸਾਹਿਬ ਬੋਪਾਰਾਏ ਕਲਾਂ ਵਿਖੇ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਅਭੇਦ ਹੋ ਗਏ । ਹਰ ਸਾਲ ਹੀ ਆਪ ਜੀ ਦੀ ਪਾਵਨ ਯਾਦ ਗੁ: ਸਚਖੰਡ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਆਯੋਜਿਤ ਕੀਤੇ ਜਾਂਦੇ ਹਨ । ਇਸ ਰਸੀ ਹੋਈ ਆਤਮਾ ਨੂੰ ਸਾਡਾ ਪ੍ਰਣਾਮ ।

**-ਭਗਵਾਨ ਸਿੰਘ ਜੌਹਲ**

# ਫ਼ਾਜ਼ਿਲਕਾ ਐੱਸਐੱਸਪੀ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਪੇਸ਼, ਸ੍ਰੀ ਦਰਬਾਰ ਸਾਹਿਬ ਪ੍ਰਕਰਮਾ 'ਚ ਪੁਲਿਸ ਕਾਰਵਾਈ ਲਈ ਕੀਤੀ ਖਿਮਾ ਜਾਚਨਾ



ਸ੍ਰੀ ਅੰਮ੍ਰਿਤਸਰ-ਬੀਤੇ ਦਿਨੀਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਪ੍ਰਬੰਧਕਾਂ ਦੀ ਆਗਿਆ ਤੋਂ ਬਿਨਾਂ ਪੁਲਿਸ ਕਾਰਵਾਈ ਕਰਕੇ ਦੋ ਵਿਅਕਤੀਆਂ ਨੂੰ ਚੁੱਕਣ ਦੇ ਮਾਮਲੇ ਵਿੱਚ ਅੱਜ ਫਾਜ਼ਿਲਕਾ ਜ਼ਿਲ੍ਹੇ ਦੇ ਸੀਨੀਅਰ ਪੁਲਿਸ ਕਪਤਾਨ ਸ. ਗੁਰਮੀਤ ਸਿੰਘ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਸ ਮਾਮਲੇ ਸਬੰਧੀ ਆਪਣਾ ਪੱਖ ਰੱਖਣ ਅਤੇ ਪੁਲਿਸ ਵੱਲੋਂ ਹੋਈ ਗਲਤੀ ਦੀ ਖਿਮਾ ਜਾਚਨਾ ਕਰਨ ਲਈ ਪੁੱਜੇ।ਇਸ ਮੌਕੇ ਐੱਸਐੱਸਪੀ ਸ. ਗੁਰਮੀਤ ਸਿੰਘ ਨੇ ਸਕੱਤਰੇਤ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਆਪਣਾ ਸਪੱਸ਼ਟੀਕਰਨ ਦਿੱਤਾ ਅਤੇ ਹੋਈ ਭੁੱਲ ਦੀ ਖਿਮਾ ਜਾਚਨਾ ਕੀਤੀ। ਇਸ ਸਬੰਧੀ ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖਾਂ ਦਾ ਕੇਂਦਰੀ ਧਾਰਮਿਕ ਅਸਥਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਸ਼ਵ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੈ ਅਤੇ ਇੱਥੋਂ ਦੇ ਚਾਰ ਦਰਵਾਜ਼ੇ ਹਰ ਮਨੁੱਖ ਲਈ ਖੁੱਲ੍ਹੇ ਹਨ। ਉਨ੍ਹਾਂ ਕਿਹਾ ਕਿ ਇੱਥੇ ਦੁਨੀਆ ਭਰ ਤੋਂ ਲੋਕ ਸ਼ਰਧਾ ਭਾਵਨਾ ਨਾਲ ਨਤਮਸਤਕ ਹੋਣ ਪੁੱਜਦੇ ਹਨ। ਉਨ੍ਹਾਂ ਕਿਹਾ ਕਿ ਫਾਜ਼ਿਲਕਾ ਦੇ ਐੱਸਐੱਸਪੀ ਸ. ਗੁਰਮੀਤ ਸਿੰਘ ਨੇ ਆਪਣਾ ਪੱਖ ਰੱਖਿਆ ਹੈ ਅਤੇ ਉਨ੍ਹਾਂ ਨੂੰ ਲਿਖਤੀ ਰੂਪ ਵਿੱਚ ਵੀ ਇਸ ਨੂੰ ਸੌਂਪਣ ਲਈ ਆਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ. ਗੁਰਮੀਤ ਸਿੰਘ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਹੈ ਕਿ ਜਿਵੇਂ ਬੀਤੇ ਦਿਨੀਂ ਉਨ੍ਹਾਂ ਦੇ ਜ਼ਿਲ੍ਹੇ ਦੀ ਪੁਲਿਸ ਦੇ ਪੰਜ ਬੰਦੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਦਾਖਲ ਹੋਏ ਉਹ ਇਸ ਤਰ੍ਹਾਂ ਨਹੀਂ ਜਾਣੇ ਚਾਹੀਦੇ ਸਨ। ਪੁਲਿਸ ਵੱਲੋਂ ਇਹ ਭਰੋਸਾ ਦਿੱਤਾ ਗਿਆ ਹੈ ਕਿ ਭਵਿੱਖ ਵਿੱਚ ਅਜਿਹੀ ਗਲਤੀ ਦੁਬਾਰਾ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਕਦੇ ਵੀ ਅਜਿਹਾ ਕੁਝ ਨਹੀਂ ਵਾਪਰਨਾ ਚਾਹੀਦਾ ਜਿਸ ਨਾਲ ਇੱਥੋਂ ਦਾ ਮਾਹੌਲ ਖਰਾਬ ਹੋਵੇ ਅਤੇ ਸੰਗਤ ਦੀਆਂ ਭਾਵਨਾਵਾਂ ਨੂੰ ਸੱਟ ਵੱਜੇ।

# "ਵਿਸ਼ਵੀਵਿਆਪੀ ਮਾਨਵੀ ਕੀਮਤਾਂ: ਨੈਤਿਕ ਯੋਗਤਾ ਤੇ ਸਮਾਜਿਕ ਜ਼ਿੰਮੇਵਾਰੀ ਦਾ ਨਿਰਮਾਣ" ਵਿਸ਼ੇ ਤੇ ਵਰਕਸ਼ਾਪ ਦਾ ਆਯੋਜਨ

## ਨੈਤਿਕਤਾ ਅਤੇ ਮੁੱਲ-ਆਧਾਰਿਤ ਸਿੱਖਿਆ ਹੀ ਸਮਾਨਤਾ ਅਤੇ ਨਿਆਂਪੂਰਨ ਸਮਾਜ ਦੀ ਮਜ਼ਬੂਤ ਨੀਂਹ — ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ




ਅੰਮ੍ਰਿਤਸਰ-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੱਖਿਆ ਵਿਭਾਗ ਵੱਲੋਂ ਸੈਂਟਰ ਫਾਰ ਐਗਰੀਕਲਚਰਲ ਰਿਸਰਚ ਐਂਡ ਇਨੋਵੇਸ਼ਨ ਦੇ ਅਧੀਨ ਅਤੇ ਰੂਸਾ 2.0 ਦੀ ਵਿੱਤੀ ਸਹਾਇਤਾ ਨਾਲ ਵਿਸ਼ਵੀਵਿਆਪੀ ਮਾਨਵੀ ਕੀਮਤਾਂ: ਨੈਤਿਕ ਯੋਗਤਾ ਤੇ ਸਮਾਜਿਕ ਜ਼ਿੰਮੇਵਾਰੀ ਦਾ ਨਿਰਮਾਣ" ਵਿਸ਼ੇ 'ਤੇ ਅੱਠ ਦਿਨਾਂ ਦੀ ਵਰਕਸ਼ਾਪ ਦੀ ਸ਼ੁਰੂਆਤ ਹੋਈ।ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਕਿਹਾ ਕਿ ਸਿੱਖਿਆ ਦਾ ਅਸਲ ਮਕਸਦ ਸਿਰਫ਼ ਜਾਣਕਾਰੀ ਪ੍ਰਾਪਤ ਕਰਨਾ ਨਹੀਂ, ਸਗੋਂ ਮਨੁੱਖੀ ਮੁੱਲਾਂ ਦੀ ਪਰਵਿਰਸ਼ ਕਰਨਾ ਹੈ, ਤਾਂ ਜੋ ਵਿਅਕਤੀ ਆਪਣੇ ਆਪ, ਸਮਾਜ ਅਤੇ ਕੁਦਰਤ ਨਾਲ ਸਾਂਝ ਅਤੇ ਸੰਤੁਲਨ ਵਿੱਚ ਜੀ ਸਕੇ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਨੈਤਿਕਤਾ-ਆਧਾਰਿਤ ਸਿੱਖਿਆ ਦੀ ਲੋੜ ਹੋਰ ਵੀ ਵੱਧ ਗਈ ਹੈ, ਕਿਉਂਕਿ ਇਹੀ ਸਿੱਖਿਆ ਸਮਾਜ ਵਿੱਚ ਸਮਾਨਤਾ, ਨਿਆਂ ਅਤੇ ਸਾਰਿਆਂ ਦੀ ਭਲਾਈ ਨੂੰ ਯਕੀਨੀ ਬਣਾਉਂਦੀ ਹੈ।ਪ੍ਰੋ. ਕਰਮਜੀਤ ਸਿੰਘ ਨੇ ਵੱਖ-ਵੱਖ ਧਾਰਮਿਕ ਗ੍ਰੰਥਾਂ ਅਤੇ ਜੀਵਨ ਨਾਲ ਜੁੜੀਆਂ ਪ੍ਰੇਰਣਾਦਾਇਕ ਘਟਨਾਵਾਂ ਦੇ ਹਵਾਲੇ ਨਾਲ ਮਨੁੱਖੀ ਮੁੱਲਾਂ ਦੀ ਅਟੱਲ ਮਹੱਤਤਾ ਨੂੰ ਰੌਸ਼ਨ ਕੀਤਾ ਅਤੇ ਭਾਗੀਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਜੀਵਨ ਅਤੇ ਪੇਸ਼ਾਵਰ ਕਾਰਜ ਵਿੱਚ ਇਨ੍ਹਾਂ ਮੁੱਲਾਂ ਨੂੰ ਅਮਲ ਵਿੱਚ ਲਿਆਉਣ।ਇਸ ਮੌਕੇ ਦੱਸਿਆ ਗਿਆ ਕਿ ਯੂਨੀਵਰਸਲ ਹਿਊਮਨ ਵੈਲਿਊਜ਼, ਏਆਈਸੀਟੀਈ ਦੀ 2017 ਵਿੱਚ ਸ਼ੁਰੂ ਕੀਤੀ ਗਈ ਇੱਕ ਮਹੱਤਵਪੂਰਨ ਪਹਿਲ ਹੈ, ਜਿਸ ਦਾ ਉਦੇਸ਼ ਤਕਨੀਕੀ ਸਿੱਖਿਆ ਨੂੰ ਸਿਰਫ਼ ਹੁਨਰ-ਕੇਂਦਰਿਤ ਨਾ ਰੱਖ ਕੇ ਉਸਨੂੰ ਸਮੁੱਚੇ ਵਿਅਕਤਿਤਵ ਵਿਕਾਸ ਨਾਲ ਜੋੜਨਾ ਹੈ। ਇਸ ਵਰਕਸ਼ਾਪ ਦਾ ਮੰਤਵ ਅਧਿਆਪਕਾਂ, ਟੀਚਰ ਟ੍ਰੇਨੀਜ਼ ਅਤੇ ਖੋਜਕਰਤਿਆਂ ਵਿੱਚ ਨੈਤਿਕ ਯੋਗਤਾ, ਸਮਾਜਿਕ ਜ਼ਿੰਮੇਵਾਰੀ ਅਤੇ ਸਾਂਝੀ ਜੀਵਨ-ਸ਼ੈਲੀ ਨੂੰ ਉਤਸ਼ਾਹਿਤ ਕਰਨਾ ਹੈ।ਪ੍ਰੋ. (ਡਾ.) ਅਮਿਤ ਕੌਟਸ ਨੇ ਸਵਾਗਤੀ ਭਾਸ਼ਣ ਦਿੰਦਿਆਂ ਕਿਹਾ ਕਿ ਵਿਸ਼ਵੀਵਿਆਪੀ ਮਾਨਵੀ ਕੀਮਤਾਂ ਨੌਜਵਾਨਾਂ ਨੂੰ ਨੈਤਿਕ ਤੌਰ 'ਤੇ ਮਜ਼ਬੂਤ ਅਤੇ ਸਮਾਜ ਪ੍ਰਤੀ ਸੰਵੇਦਨਸ਼ੀਲ ਬਣਾਉਂਦੀਆਂ ਹਨ।ਮੁੱਖ ਵਕਤਾ ਵਜੋਂ ਪ੍ਰੋ. ਰਜਨੀਸ਼ ਅਰੋੜਾ, ਚੇਅਰਮੈਨ ਐਨਸੀਸੀਆਈਪੀ ਅਤੇ ਸਾਬਕਾ ਵਾਈਸ ਚਾਂਸਲਰ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਕਪੂਰਥਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਉੱਚ ਅਤੇ ਤਕਨੀਕੀ ਸਿੱਖਿਆ ਵਿੱਚ ਮਨੁੱਖੀ ਮੁੱਲਾਂ ਦੀ ਸ਼ਾਮਿਲੀਅਤ ਨਾਲ ਹੀ ਸੰਪੂਰਨ ਵਿਕਾਸ, ਨੈਤਿਕ ਨੇਤ੍ਰਿਤਵ ਅਤੇ ਰਾਸ਼ਟਰ ਨਿਰਮਾਣ ਸੰਭਵ ਹੈ। ਪ੍ਰੋ. ਦੀਪਾ ਸਿਕੰਦ ਕੌਟਸ, ਮੁਖੀ ਅਤੇ ਡੀਨ, ਫੈਕਲਟੀ ਆਫ ਐਜੂਕੇਸ਼ਨ ਨੇ ਧੰਨਵਾਦ ਪ੍ਰਗਟ ਕਰਦਿਆਂ ਸਾਰੇ ਮਹਿਮਾਨਾਂ, ਵਕਤਾਵਾਂ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ।

# ਵਿਸ਼ੇਸ਼ ਸੰਪਾਦਕੀ

## ਸੱਚੀ ਪ੍ਰੀਤੀ ਦੇ ਨਸ਼ਾਨ


ਗਿਆਨੀ ਦਿੱਤ ਸਿੰਘ

ਹਨੂੰਮਾਨ ਨਾਟਕ ਵਿਚ ਲਿਖਜਾ ਹੈ ਕਿ-

"ਏਕ ਸਰਨ ਬ੍ਰਿਤਿ ਹੋਇ ਜਪ ਤਪ ਨੇਮ ਸਭੈ ਰਹੇ।
ਪੁਰਖ ਨਾਰ ਨਹਿੰ ਦੋਇ ਕਿਉਂ ਪਤਿਬਤਾ ਸਰਾਹੀਏ"

ਇਸ ਸੋਰਠੇ ਦਾ ਭਾਵ ਇਹ ਹੈ ਕਿ ਜੋ ਪੁਰਖ ਇਕ ਪਰ ਵਿਸ਼ਵਾਸੀ ਹੈ ਉਸ ਦੇ ਵਾਸਤੇ ਕਿਸੇ ਬ੍ਰਤ ਨੇਮ ਅਤੇ ਜਪ ਤਪ ਆਦਿਕ ਦੇ ਕਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਉਸ ਦਾ ਦ੍ਰਿੜ ਵਿਸ਼ਵਾਸ ਹੀ ਸਾਰੇ ਸਾਧਨਾਂ ਨਾਲੋਂ ਉੱਤਮ ਫਲ ਪਰਦਾਤਾ ਹੈ, ਪਰੰਤੂ ਜਿਸ ਪੁਰਖ ਦਾ ਇਕ ਜਗਾ ਪਰ ਆਤਮਾ ਨਿਰਭਰ ਨਹੀਂ ਰੱਖਦਾ ਉਸ ਦੇ ਜਪ ਤਪ ਆਦਿਕ ਸਾਧਨ ਸਭੇ ਨਿਸਫਲ ਸਮਝਨੇ ਚਾਹੀਦੇ ਹਨ, ਜੈਸਾ ਕਿ ਪੁਰਖ ਅਤੇ ਇਸਤ੍ਰੀ ਸਾਰੇ ਸੰਸਾਰ ਦੇ ਇੱਕੋ ਹਨ ਅਰਥਾਤ ਸਾਰੇ ਪੁਰਖ ਇਕ ਪੁਰਖ ਸਮਝੇ ਜਾਂਦੇ ਹਨ ਅਤੇ ਸਾਰੀਆਂ ਇਸਤ੍ਰੀਆਂ ਇਕ ਇਸਤ੍ਰੀ ਜਾਤੀ ਹੈ, ਪਰੰਤੂ ਪਤਿਬ੍ਰਤਾ ਇਸੇ ਵਾਸਤੇ ਸਰਾਹੀ ਜਾਂਦੀ ਹੈ ਜੋ ਉਹ ਇਕ ਪਤੀਬ੍ਰਤ ਹੈ।ਇਸ ਦਾ ਤਾਤਪਰਜ ਇਹ ਹੈ ਕਿ ਜਿਸ ਪ੍ਰਕਾਰ ਬਿਭਚਾਰਨ ਇਸਤ੍ਰੀ ਜਾਨਦੀ ਭੀ ਹੈ ਕਿ ਮੈਂ ਅੱਛੀ ਕੁਲ ਦੀ ਹਾਂ ਜਿਸ ਤੇ ਮੇਰਾ ਪਿਤਾ ਅਤੇ ਭਾਈ ਆਦਿਕ ਪ੍ਰਵਾਰ ਸਾਰਾ ਉੱਤਮ ਅਤੇ ਵੱਡਾ ਗਿਨਿਆ ਜਾਂਦਾ ਹੈ, ਇਸੀ ਪ੍ਰਕਾਰ ਮੇਰੇ ਸਾਹੁਰੇ ਘਰ ਦੀ ਸੋਭਾ ਭੀ ਕੁਝ ਘੱਟ ਨਹੀਂ ਹੈ ਅਤੇ ਮੇਰਾ ਪਤੀ ਅਤੇ ਸਹੁਰਾ ਆਦਿਕ ਵੱਡੇ ਪ੍ਰਤਿਸ਼ਟਤ ਸਮਝੇ ਜਾਂਦੇ ਹਨ, ਪਰੰਤੂ ਇਤਨਾ ਗਿਆਨ ਕਰਕੇ ਭੀ ਓਹ ਖੋਟੇ ਪੁਰਖਾਂ ਦੇ ਸੰਗਤ ਕਰਕੇ ਅਪਨੀ ਲੋਈ ਲਾਹ ਕੇ ਦੁਰਾਜਾਤ ਕਰਮਾਂ ਵਿਚ ਪ੍ਰਵਿਰਤਿ ਹੋ ਜਾਂਦੀ ਹੈ, ਜਿਸ ਤੇ ਉਸ ਦੇ ਵਾਸਤੇ ਸਾਰੇ ਲੋਗ ਧਿਕਾਰ ਕਰਦੇ ਹਨ ਅਤੇ ਕਲੰਕਤ ਜਾਨ ਕੇ ਦੂਰ ਰੱਖਦੇ ਹਨ।ਇਸ ਦ੍ਰਿਸ਼ਟਾਂਤ ਨੂੰ ਜਦ ਅਸੀਂ ਅਪਨੇ ਕਈ ਕੁ ਸਿੱਖ ਭਾਈਆਂ ਪਰ ਭੀ ਵਰਤਦਾ ਦੇਖਦੇ ਹਾਂ ਤਦ ਸਾਨੂੰ ਅਤਿਅੰਤ ਸ਼ੋਕ ਪ੍ਰਾਪਤਿ ਹੁੰਦਾ ਹੈ, ਕਿਉਂਕਿ ਉਹ ਖੁਦ ਜਾਨਦੇ ਹਨ ਜੋ ਸਾਡੇ ਗੁਰੂਆਂ ਨੇ ਇਸ ਭਾਰਤ ਭੂਮੀ ਪਰ ਆ ਕੇ ਕਿਆ-ਕਿਆ ਕੰਮ ਕੀਤੇ ਸਨ ਅਤੇ ਉਨ੍ਹਾਂ ਦੇ ਸਮਾਨ ਦੁਨੀਆਂ ਪਰ ਕੋਈ ਭੀ ਨਹੀਂ ਹੋਇਆ ਹੈ ਅਰ ਉਨ੍ਹਾਂ ਦੇ ਉਪਦੇਸ਼ ਸਾਰੀ ਸ੍ਰਿਸ਼ਟੀ ਦੇ ਲੋਗਾਂ ਵਾਸਤੇ ਇੱਕੋ ਜੇਹੇ ਸੁਖਦਾਈ ਅਤੇ ਮੁਕਤੀ ਦਾਤੇ ਹਨ, ਪਰੰਤੂ ਇਸ ਬਾਤ ਨੂੰ ਜਾਨ ਕੇ ਭੀ ਜੋ ਲੋਗ ਗੁਰੂ ਦੇ ਸਿੰਘ ਸਦਾ ਕੇ, ਅੰਨਮਤੀਆਂ ਦੇ ਅੱਡੇ ਚੜ੍ਹੇ ਹੋਏ ਹਨ ਅਤੇ ਅੰਦਰੋਂ ਅੰਦਰੀਂ ਉਨ੍ਹਾਂ ਦੇ ਗੀਤ ਗਾਇ ਰਹੇ ਹਨ। ਸੋ ਧਰਮ ਵਿਚ ਕੁਝ ਘੱਟ ਬਿਭਚਾਰੀ ਨਹੀਂ ਹਨ, ਜਿਸ ਤੇ ਸਾਰੇ ਵਿਦਵਾਨ ਅਤੇ ਸੱਚੇ ਲੋਗ ਉਨ੍ਹਾਂ ਦੇ ਇਸੀ ਬਿਭਚਾਰ ਪਰ ਸ਼ੋਕ ਪ੍ਰਗਟ ਕਰਦੇ ਹਨ। ਅਸੀਂ ਆਸ਼ਾ ਰੱਖਦੇ ਹਾਂ ਜੋ ਅਜੇਹੇ ਸਿੰਘ ਅੰਨਮਤਾਂ ਨੂੰ ਤਲਾਂਜਲੀ ਦੇਨਗੇ।

(ਖ਼ਾਲਸਾ ਅਖ਼ਬਾਰ ਲਾਹੌਰ, ੧੧ ਦਸੰਬਰ ੧੮੯੬, ਪੰਨਾ ੩)ਗਿਆਨੀ ਦਿੱਤ ਸਿੰਘ

## ਟੰਚੁ


ਗਿ. ਗੁਰਜੀਤ ਸਿੰਘ ਪਟਿਆਲਾ, ਮੁੱਖ ਸੰਪਾਦਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੇ ਵਿੱਚ ਅਨੇਕਾਂ ਸ਼ਬਦ ਐਸੇ ਨੇ ਜੋ ਇੱਕੋ ਵਾਰ ਹੀ ਆਏ ਹਨ, ਟੰਚੁ ਉਹਨਾਂ ਅਨੇਕਾਂ ਸ਼ਬਦਾਂ ਦੇ ਵਿੱਚੋਂ ਵਿੱਚੋਂ ਇੱਕ ਸਬਦ ਹੈ।ਆਮ ਮਨੁੱਖੀ ਬੋਲ ਚਾਲ ਦੇ ਵਿੱਚ ਕਿਧਰੇ ਵੀ ਟੰਚੁ ਸੁਣਨ ਨੂੰ ਨਹੀਂ ਮਿਲਦਾ।ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਨ ਪਾਵਨ ਬਾਣੀ 'ਰਾਗ ਆਸਾ ਮਹਲਾ ਪਹਿਲਾ ਪਟੀ ਲਿਖੀ' ਜੋ ਲਗਭਗ ਪੰਜਾਬੀ ਵਰਣਮਾਲਾ ਦੇ ਨਾਲ ਮੇਲ ਖਾਂਦੀ ਹੈ, ਸਤਿਗੁਰੂ ਟਟੈ ਅੱਖਰ ਦੁਆਰਾ ਉਪਦੇਸ਼ ਕਰਦੇ ਹਨ ਕਿ, ਹੇ ਪ੍ਰਾਣੀ! ਤੂੰ ਟੰਚੁ ਕਿਉਂ ਕਰਦਾ ਹੈ ਜਦ ਕਿ ਤੂੰ ਘੜੀ ਜਾਂ ਮੁਹਤ ਭਾਵ ਥੋੜੀ ਦੇਰ ਨੂੰ ਸੰਸਾਰ ਤੋਂ ਚਲੇ ਜਾਣਾ, ਟੰਚੁ ਕਰਨ ਦੇ ਨਾਲ ਤੂੰ ਆਪਣਾ ਜਨਮ ਜਿਵੇਂ ਜੁਆਰੀ ਦੀ ਤਰਾਂ ਜੂਏ ਦੇ ਵਿਚ ਹਾਰ ਜਾਏਂਗਾ, ਤੂੰ ਹਰੀ ਦੀ ਸ਼ਰਨ ਦੇ ਵਿੱਚ ਭਜ ( ਛੇਤੀ) ਪੈਣਾ ਕਰ।ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕੀ ਉਠਿ ਚਲਣਾ।।ਜੂਐ ਜਨਮੁ ਨ ਹਾਰਹੁ ਅਪਣਾ ਭਾਜਿ ਪੜਹੁ ਤੁਮ ਹਰਿ ਸਰਣਾ।।( ਅੰਗ ੪੩੨)ਟੰਚੁ ਸ਼ਬਦ ਨੂੰ ਸਮਝਣ ਦੇ ਵਾਸਤੇ ਜਦੋਂ ਮਨੁੱਖ ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਰਚਿਤ ਮਹਾਨ ਕੋਸ਼ ਨੂੰ ਪੜੇ ਤਾਂ ਉਹਨਾਂ ਨੇ ਇਸ ਦੇ ਤਿੰਨ ਅਰਥ ਲਿਖੇ ਹਨ: "ਕੰਜੂਸੀ, ਦੰਭ ਪਖੰਡ, ਬਕਾਇਦਾ" ਗੁਰਬਾਣੀ ਦੀ ਟੰਚੁ ਵਾਲੀ ਪੰਕਤੀ ਲਿਖ ਕੇ ਸੰਗਦਿਲੀ, ਚਿੱਤ ਦੀ ਕਠੋਰਤਾ ਕੀਤੇ ਹਨ।ਡਾਕਟਰ ਗੁਰਚਰਨ ਸਿੰਘ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਦੇ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਨਾਲ ਸਹਿਮਤ ਨਾ ਹੁੰਦੇ ਹੋਏ ਟੰਚੁ ਦੇ ਅਰਥ ਵਿਅਰਥ ਧੰਧਾ ਲਿਖਦੇ ਹਨ, ਭਾਈ ਵੀਰ ਸਿੰਘ ਜੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਦੇ ਵਿੱਚ ਭਾਈ ਕਾਨ੍ਹ ਸਿੰਘ ਨਾਭਾ, ਡਾਕਟਰ ਗੁਰਚਰਨ ਸਿੰਘ ਦੋਨਾਂ ਵਿਦਵਾਨਾਂ ਤੋਂ ਭਿੰਨ ਟੰਚੁ ਦੇ ਅਰਥ ਟਿੱਚਕਰਾਂ ਤੇ ਤਰਕਾਂ ਕਰਦੇ ਹਨ, ਪ੍ਰੋਫੈਸਰ ਸਾਹਿਬ ਸਿੰਘ 'ਗੁਰਬਾਣੀ ਪਾਠ ਦਰਪਣ' ਦੇ ਵਿੱਚ ਉਪਰੋਕਤ ਤਿੰਨੇ ਵਿਦਵਾਨਾਂ ਦੇ ਨਾਲ ਸਹਿਮਤ ਨਾ ਹੁੰਦੇ ਹੋਏ ਟੰਚੁ ਦੇ ਅਰਥ ਟੰਟਾ, ਖਲਜਗਨ ਕਰਦੇ ਹਨ।ਟੰਚੁ: ਟਕਾ ਸੰਚੁ ਦਾ ਸੰਖੇਪ ਹੈ।ਟਕਾ ਚਾਂਦੀ ਦਾ ਪੁਰਾਣਾ ਸਿੱਕਾ, ਜਿਵੇਂ ਭਾਰਤ ਦੇ ਵਿੱਚ ਅੱਜ ਕੱਲ ਰੁਪਏ ਚਲਦੇ ਹਨ, ਪੁਰਾਣੇ ਸਮਿਆਂ ਦੇ ਵਿੱਚ ਟਕਿਆਂ ਦੇ ਵਿੱਚ ਸੀ,ਲਖ ਟਕਿਆਂ ਕੇ ਮੁੰਦੜੇ ਲਖ ਟਕਿਆ ਕੇ ਹਾਰ।।( ਅੰਗ,੪੬੪)ਕਹਾ ਨਰ ਗਰਬਸ ਥੋਰੀ ਬਾਤ।।ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੋ ਟੇਢੋ ਜਾਤ।।( ਅੰਗ, ੧੨੫੧)ਜੀਵਨ ਗੁਜ਼ਰਾਨ ਦੇ ਵਾਸਤੇ ਮਾਇਆ ਦੌਲਤ ਦੀ ਲੋੜ ਹੈ, ਪਰ ਮਨੁੱਖ ਇਸ ਨੂੰ ਇਕੱਠਾ ਕਰਨਾ ਹੀ ਆਪਣੇ ਜੀਵਨ ਦਾ ਮਕਸਦ ਬਣਾ ਲੈਂਦਾ ਹੈ, ਪਹਿਲੇ ਪਾਤਸ਼ਾਹ ਦੇ ਸਮੇਂ ਲਾਹੌਰ ਦੇ ਵਿੱਚ ਦੁਨੀ ਚੰਦ ਆਪਣੇ ਘਰ ਦੇ ਉੱਪਰ ਸੱਤ ਝੰਡੇ ਲਗਾ ਕੇ ਰੱਖਦਾ ਸੀ।ਸਤਿਗੁਰੂ ਸ਼ਰਾਧਾਂ ਦਾ ਸਮੇਂ ਇਸ ਦੇ ਕੋਲ ਪਹੁੰਚੇ, ਦੁਨੀ ਚੰਦ ਨੂੰ ਉਸ ਦੇ ਪਿਤਾ ਦੀ ਜੂਨੀ ਦੇ ਬਾਰੇ ਗਿਆਨ ਦਿੱਤਾ। ਇਸਨੇ ਬੜੀ ਨਿਮਰਤਾ ਦੇ ਨਾਲ ਸਤਿਗੁਰਾਂ ਦੇ ਕੋਲੋਂ ਸੇਵਾ ਦੀ ਮੰਗ ਕੀਤੀ, ਸਤਿਗੁਰਾਂ ਨੇ ਆਪਣੀ ਜੇਬ ਦੇ ਵਿੱਚੋਂ ਇੱਕ ਸੂਈ ਦਿੱਤੀ, ਸਾਂਭ ਕੇ ਰੱਖੀ ਪਰਲੋਕ ਦੇ ਵਿੱਚ ਅਸੀਂ ਤੇਰੇ ਤੋਂ ਇਹ ਸੂਈ ਵਾਪਸ ਲੈ ਲਵਾਂਗੇ, ਉਹ ਸੂਈ ਇਸ ਨੇ ਘਰ ਆ ਕੇ ਆਪਣੀ ਪਤਨੀ ਨੂੰ ਦਿੱਤੀ ਤੇ ਨਾਲ ਸਮਝਾਇਆ, ਕਿ ਸਾਂਭ ਕੇ ਰੱਖੀਂ ,ਏ ਮੈਂ ਸਤਿਗੁਰਾਂ ਨੂੰ ਪਰਲੋਕ ਦੇ ਵਿੱਚ ਵਾਪਸ ਕਰਨੀ ਹੈ, ਉਹਨੇ ਇਸ ਨੂੰ ਆਖਿਆ ਕਿ ਇਹ ਕਿਸ ਤਰ੍ਹਾਂ ਦੇ ਨਾਲ ਹੋ ਸਕਦਾ ।ਫਿਰ ਇਹਦੀ ਸਮਝ ਦੇ ਵਿੱਚ ਆਈ ਸੂਈ ਲੈ ਕੇ ਪਹਿਲੇ ਪਾਤਸ਼ਾਹ ਦੇ ਕੋਲ ਗਿਆ ਕਹਿੰਦਾ, ਮਹਾਰਾਜ ਇਹ ਸੇਵਾ ਮੈਂ ਤੇ ਸਮਝਦਾ ਸੀ ਬੜੀ ਸੌਖੀ ਹੈ ਪਰ ਇਹ ਸੇਵਾ ਕਰਨੀ ਤੇ ਅਸੰਭਵ ਹੈ , ਪਰਲੋਕ ਦੇ ਵਿੱਚ ਤੇ ਕੁਝ ਵੀ ਨਾਲ ਨਹੀਂ ਜਾਦਾ ਹੈ, ਸਤਿਗੁਰੂ ਕਹਿਣ ਲੱਗੇ, ਜਿਹੜਾ ੭ ਲੱਖ ਮਾਇਆ ਜੋੜੀ ਹੈ ਇਹ ਕਿਸ ਤਰ੍ਹਾਂ ਨਾਲ ਪਰਲੋਕ ਲੈ ਕੇ ਜਾਵੇਂਗਾ? ਸਤਿਗੁਰੂ ਤੋਂ ਸਿੱਖਿਆ ਲੈ ਕੇ,ਦੁਨੀ ਚੰਦ ਨੇ ਆਪਣੀ ਸਾਰੀ ਦੌਲਤ ਲੋੜਵੰਦਾਂ ਦੇ ਵਿੱਚ ਵੰਡ ਦਿੱਤੀ।ਆਪਣੀ ਮੱਤ ਦੇ ਪਿੱਛੇ ਚੱਲਣ ਵਾਲਾ ਮਨੁੱਖ ਮਾਇਆ ਇਕੱਠੀ ਕਰਨ ਦੀ ਅਤ ਕਰ ਦਿੰਦਾ, ਤੇ ਅੰਤ ਨੂੰ ਮਾਇਆ ਨੂੰ ਛੱਡ ਕੇ ਖਾਲੀ ਹੱਥ ਸੰਸਾਰ ਤੋਂ ਚਲਾ ਜਾਂਦਾ ਹੈ, ਭਾਈ ਗੁਰਦਾਸ ਜੀ ਟੰਚੁ ਟਕਾ ਸੰਚਿ ਕਰਨ ਵਾਲੇ ਮਨੁੱਖ ਨੂੰ ਮੂਰਖ ਆਖਦੇ ਨੇ:ਜੈਸੇ ਮਧੁ ਮਾਖੀ ਸੀਚਿ ਸੀਚਿ ਕੈ ਇਕਤ੍ਰ ਕਰੈ,ਹਰੈ ਮਧੂ ਆਇ ਤਾ ਕੈ ਮੁਖਿ ਛਾਰੁ ਡਾਰਿ ਕੈ ।ਜੈਸੇ ਬਛ ਹੇਤ ਗਊ ਸੰਚਤ ਹੈ ਖੀਰ ਤਾਹਿ ਲੇਤ ਹੈ ਅਹੀਰ ਦੁਹਿ ਬਛਰੇ ਬਿਡਾਰਿ ਕੈ ।ਜੈਸੇ ਧਰ ਖੋਦਿ ਖੋਦਿ ਬਿਲ ਸਾਜੈ ਮੂਸਾ ਪੈਸਤ ਸਰਪੁ ਧਾਹਿ ਖਾਇ ਤਾਹਿ ਮਾਰਿ ਕੈ ।ਤੈਸੇ ਕੋਟਿ ਪਾਪ ਕਰਿ ਮਾਇਆ ਜੋਰਿ ਜੋਰਿ ਮੂੜ ਅੰਤਿ ਕਾਲਿ ਛਾਡਿ ਚਲੈ ਦੋਨੋ ਕਰਿ ਝਾਰਿ ਕੈ ।( ਭਾਈ ਗੁਰਦਾਸ ਜੀ, ਕਬਿਤ, ੫੫੫) ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ।।
ਮਰਤੀ ਬਾਰ ਨਾ ਕਛੁ ਮਿਲਿਓ ਲਈ ਲੰਗੋਟੀ ਤੋਰਿ।।( ਅੰਗ,੧੩੬੪)

## ਜਦੋਂ ਮਾਂ ਮੁੱਕ ਗਈ

ਆਪ ਸਾਢੇ ਕੁ ਤਿੰਨ ਸਾਲ..ਜਦੋਂ ਮਾਂ ਮੁੱਕ ਗਈ..ਰਿਸ਼ਤੇਦਾਰੀ ਨੇ ਜ਼ੋਰ ਪਾ ਬਾਪ ਵਿਆਹ ਦਿੱਤਾ..ਫੇਰ ਇੱਕ ਹੋਰ ਵੀਰ ਹੋ ਪਿਆ..ਚੰਗੀ ਕਿਸਮਤ..ਨਵੀਂ ਆਈ ਨੇ ਸੱਕੀਆ ਤੋਂ ਵੀ ਵੱਧ ਮੋਹ ਪਿਆਰ ਦਿੱਤਾ..!ਥੋੜਾ ਵੱਡਾ ਹੋਇਆ..ਜਿੰਦੇ ਸੁੱਖੇ ਵਾਲੇ ਸ਼ਹਿਰ ਪੂਨੇ ਲਾਅ ਕਾਲਜ ਦਾਖਿਲਾ ਲੈ ਲਿਆ..ਲੋਕ ਪੁੱਛਿਆ ਕਰਨ ਵਕੀਲ ਬਣਨ ਦਾ ਇਰਾਦਾ..ਅੱਗੋਂ ਹੱਸ ਪਿਆ ਕਰੇ..ਵਕੀਲੀ ਮੇਰੀ ਮੰਜਿਲ ਨਹੀਂ..!ਕੇਰਾਂ ਚਾਚਾ ਜੀ ਮਿਲਣ ਚਲਾ ਗਿਆ..ਅੱਗੋਂ ਮਹਿੰਗੇ ਇਲਾਕੇ ਵਿਚ ਤਿੰਨ ਕਮਰਿਆਂ ਵਾਲਾ ਘਰ..ਸ਼ੱਕ ਹੋਇਆ..ਨਾ ਤੇ ਘਰੋਂ ਪੈਸੇ ਮੰਗਵਾਏ..ਨਾ ਕੋਈ ਹੋਰ ਸਾਧਨ..ਫੇਰ ਏਡਾ ਮਹਿੰਗਾ ਸਿਲਸਿਲਾ ਕਿੱਦਾਂ..ਕਿਧਰੇ ਗਲਤ ਕੰਮਾਂ ਵਿੱਚ ਹੀ ਨਾ ਪੈ ਗਿਆ ਹੋਵੇ..?ਘੋਖ ਕੱਢੀ..ਪਾਰ੍ਟ ਟਾਈਮ ਮਾਡਲਿੰਗ ਕਰਦਾ ਸੀ..ਕੰਸੋਵਾ ਹੋਣ ਲੱਗੀਆਂ..ਇਹ ਪੱਕਾ ਮਾਡਲ ਬਣੂੰ..ਪਰ ਅੱਗਿਓਂ ਫੇਰ ਹੱਸ ਪਿਆ ਅਖ਼ੇ ਮਾਡਲਿੰਗ ਮੇਰੀ ਮੰਜਿਲ ਹੈਨੀ!ਅਗਲੇ ਦਿਨ ਚਾਚੇ ਜੀ ਨੂੰ ਕਾਲਜ ਲੈ ਗਿਆ..ਅੱਗਿਓਂ ਪ੍ਰਿੰਸੀਪਲ ਆਖਣ ਲੱਗਾ ਇਹ ਮੁੰਡਾ ਲੰਮੀਂ ਕਾਠੀ ਵਾਲਾ ਅਰਬੀ ਘੋੜਾ..ਤਰਾਸ਼ਿਆ ਹੋਇਆ ਹੀਰਾ..ਬਾਸਕਿਟਬਾਲ ਵਧੀਆ ਖੇਡਦਾ..ਇਸਨੂੰ ਆਖੋ ਇਸੇ ਕਾਲਜ ਹੀ ਰਹਿ ਜਾਵੇ..!ਕਈਆਂ ਅੰਦਾਜੇ ਲਾਏ..ਪੱਕਾ ਖਿਡਾਰੀ ਬਣੂੰ..ਅੱਗਿਓਂ ਫੇਰ ਹੱਸ ਕੇ ਵਿਖਾ ਦਿੱਤਾ..ਅਖ਼ੇ ਖੇਡਾਂ ਵੀ ਮੇਰੀ ਮੰਜਿਲ ਨਹੀਂ..!ਫੇਰ ਚੁੱਪ ਚੁਪੀਤੇ ਇੰਗਲੈਂਡ ਯੂਨੀਵਰਸਿਟੀ ਦਾਖਿਲਾ ਲੈ ਲਿਆ..ਇਸ ਵੇਰ ਜਾਣਕਾਰ ਸ਼ੰਕਾ ਪ੍ਰਕਟ ਕਰਨ ਲੱਗੇ..ਹੁਣ ਤਾਂ ਪੱਕਾ ਵਿਦੇਸ਼ ਵਿਚ ਹੀ ਵੱਸੂ..!ਪਰ ਇਸ ਵੇਰ ਫੇਰ ਗੱਲ ਗੋਲ ਮੋਲ ਜਿਹੀ ਕਰ ਗਿਆ ਅਖ਼ੇ ਸੱਤ ਸਮੁੰਦਰ ਪਾਰ ਦੀ ਧਰਤੀ ਮੇਰੀ ਮੰਜਿਲ ਨਹੀਂ..!ਫੇਰ ਵਾਪਿਸ ਬੰਬਈ ਪਰਤ ਹਰੀਸ਼ ਸਾਲਵੇ ਨਾਮ ਦੇ ਵੱਡੇ ਵਕੀਲ ਨਾਲ ਪ੍ਰੈਕਟਿਸ ਸ਼ੁਰੂ ਕਰ ਦਿੱਤੀ..ਹੁਣ ਅੰਦਾਜੇ ਯਕੀਨ ਵਿਚ ਬਦਲ ਗਏ..ਬਹਿਸਾਂ ਛਿੜ ਪਈਆਂ..ਸੁਪ੍ਰੀਮ ਕੋਰਟ ਦੇ ਗਲਿਆਰਿਆਂ ਵਿਚ ਤਕੜੇ ਨੋਟ ਛਾਪੇਗਾ..!ਅੱਗਿਓਂ ਇਸ ਵੇਰ ਫੇਰ ਓਹੀ ਘਸਿਆ-ਪਿਟਿਆ ਜਵਾਬ..ਪੈਸੇ ਮੇਰੀ ਮੰਜਿਲ ਨਹੀਂ!ਫੇਰ ਫਿਲਮੀਂ ਸੀਰੀਅਲ ਵਾਲੀ ਏਕਤਾ ਕਪੂਰ ਦੇ ਰਾਹੀਂ ਸਾਹਨੇਵਾਲ ਵਾਲਿਆਂ ਦੇ ਸੰਪਰਕ ਵਿਚ ਆਇਆ..ਓਹਨਾ ਤੀਜਾ ਪੁੱਤ ਬਣਾ ਲਿਆ..ਆਖਣ ਲੱਗੇ ਸਾਡੇ ਪੁੱਤ ਨੇ ਪੰਜਾਬੋਂ ਚੋਣ ਲੜਨੀ ਏ..ਇਸਦਾ ਖਿਆਲ ਰਖੀਂ..ਇਹ ਭੋਲਾ ਪੰਛੀ ਅੱਗਿਓਂ ਝੱਟ ਮੰਨ ਗਿਆ..ਫੇਰ ਦਿੱਲੀਓਂ ਆਏ ਵੱਡੇ ਰਾਜਸੀ ਲੋਕਾਂ ਨਾਲ ਮੀਟਿੰਗ ਹੋਈ..ਹੁਣ ਕਈਆਂ ਪੱਥਰ ਤੇ ਲਕੀਰ ਵਾਹ ਦਿੱਤੀ..ਇਹ ਪੱਕਾ ਰਾਜਨੀਤੀ ਵਿਚ ਤੇ ਜਾਂ ਫੇਰ ਫ਼ਿਲਮਾਂ ਵਿਚ ਜਾਊ..!ਅੱਗਿਓਂ ਮੰਜਿਲ ਵਾਲੀ ਓਹੀ ਗੱਲ ਆਖ ਘੱਟੇ-ਕੌਡੀਆਂ ਰਲਾ ਦਿੱਤੀ..!ਇਸੇ ਮੀਟਿੰਗ ਵਿਚ ਕਿਸੇ ਨੇ ਤੀਰ ਵਾਲੇ ਬਾਬੇ ਬਾਰੇ ਕੁਝ ਮਾੜਾ ਆਖ ਦਿੱਤਾ..ਉਸ ਨਾਲ ਹਥੋਪਾਈ ਹੋ ਪਿਆ..ਅਗਲਿਆਂ ਨੇ ਅੰਦਰਲਾ ਕਰੰਟ ਅਤੇ ਜਹਿਰ ਭਾਂਪ ਲਿਆ..ਫੇਰ ਵੇਲੇ-ਕੁਵੇਲੇ ਵਰਤਣ ਲਈ ਕੁਝ ਫੋਟੋਆਂ ਖਿੱਚ ਲਈਆਂ..!ਸਿੰਘੂ ਟੀਕਰੀ ਲਾਲ ਕਿਲੇ ਦੀ ਫਸੀਲ ਅਤੇ ਹੋਰ ਵੀ ਕਿੰਨਾ ਕੁਝ ਟੱਪਦੇ ਹੋਏ ਨੂੰ ਆਪਣੀ ਮੰਜਿਲ ਥੋੜੀ ਸਾਫ-ਸਾਫ ਦਿਸਣ ਲੱਗ ਪਈ..!ਛੱਬੀ ਜਨਵਰੀ ਵਾਲੇ ਇਤਿਹਾਸਿਕ ਬਿਰਤਾਂਤ ਪਿੱਛੋਂ ਹੋਈ ਗ੍ਰਿਫਤਾਰੀ ਮਗਰੋਂ ਪੁਲਸ ਗੱਡੀ ਵਿਚ ਤਿਹਾੜ ਜੇਲ ਵੱਲ ਜਾਂਦਿਆਂ ਨਾਲ ਤੁਰੇ ਜਾਂਦੇ ਸੌ ਕੂ ਦੇ ਕਰੀਬ ਚੈਨਲਾਂ ਵਾਲਿਆਂ ਵਿਚੋਂ ਇੱਕ ਦੀ ਗੱਡੀ ਕਿਸੇ ਸਕੂਟਰ ਵਾਲੇ ਵਿਚ ਜਾ ਵੱਜੀ..ਹਮਾਤੜ ਨੂੰ ਕੁੱਟੀ ਜਾਣ ਤੇ ਨਾਲੇ ਆਖੀ ਜਾਣ..ਤੈਨੂੰ ਨਹੀਂ ਪਤਾ ਕਿੱਡੇ ਵੱਡੇ ਅੱਤਵਾਦੀ ਨੂੰ ਕਵਰ ਕਰ ਰਹੇ ਹਾਂ..ਤੇਰੀ ਹਿੰਮਤ ਕਿੱਦਾਂ ਹੋਈ ਸਾਡੇ ਰਾਹ ਅੱਗੇ ਆਉਣ ਦੀ..!ਏਨੀ ਗੱਲ ਸੁਣ ਜਾਲੀ ਵਾਲੇ ਵਾਹਨ ਅੰਦਰ ਬੈਠਿਆਂ ਮੰਜਿਲ ਵਾਲੇ ਸ਼ੀਸ਼ੇ ਤੇ ਜੰਮੀਂ ਬਾਕੀ ਦੀ ਧੂੜ ਵੀ ਲਹਿ ਗਈ..ਸਭ ਕੁਝ ਸਾਫ ਸਾਫ ਦਿਸਣ ਲੱਗ ਪਿਆ..!ਪਰ ਇਸ ਚੜਾਈ ਤੋਂ ਕਿੰਨੇ ਸਾਰੇ ਆਪਣੇ ਡਰ ਗਏ..ਚਾਲੀ ਸਾਲ ਦਾ ਤਜੁਰਬਾ ਵੀ ਬੁਰੀ ਤਰਾਂ ਸਹਿਮ ਗਿਆ..ਇਹ ਕੌਣ ਆ ਗਿਆ ਬਣੀ ਬਣਾਈ ਖੀਰ ਤੇ ਸਵਾਹ ਭੁੱਕਣ..ਕੁਝ ਨਾ ਕੁਝ ਤੇ ਕਰਨਾ ਪੈਣਾ..ਫੇਰ ਬੰਬਈ ਅਤੇ ਰਾਜਨੀਤੀ ਦੇ ਗਲਿਆਰੇ ਅੰਦਰ ਖਿੱਚੀਆਂ ਫੋਟੋਆਂ ਕੰਮ ਆਈਆਂ..ਹਮਾਤੜ ਨੂੰ ਸਪ੍ਸ਼ਟੀਕਰਣਾ ਅਤੇ ਸਫਾਈਆਂ ਦੀ ਸੁਨਾਮੀ ਅੰਦਰ ਉਲਝਾ ਦਿਤਾ..!ਫੇਰ ਸੰਘਰਸ਼ ਦੇ ਕੁਝ ਸੁਹਿਰਦ ਸਮਕਾਲੀਆਂ ਨਾਲ ਮਿਲਾਪ ਹੋਇਆ..ਠੀਕ ਓਦਾਂ ਜਿੱਦਾਂ ਚਾਰ ਦਹਾਕੇ ਪਹਿਲੋਂ ਜਰਨਲ ਸ਼ੁਬੇਗ ਸਿੰਘ ਅਤੇ ਤੀਰ ਵਾਲੇ ਬਾਬੇ ਦਾ ਹੋਇਆ ਸੀ..!ਇਮਾਨਦਾਰ ਸੋਚ ਨੂੰ ਤਸੱਲੀ ਹੋਈ ਚਲੋ ਕੋਈ ਤੇ ਮਿਲਿਆ ਅਣਮੁੱਲੀ ਵਿਰਾਸਤ ਸੰਭਾਲਣ ਵਾਲਾ..ਪਰ ਬੜੀ ਥੋੜ ਚਿਰੀ ਸਾਬਤ ਹੋਈ ਇਹ ਖੁਸ਼ੀ..ਇਹ ਤਸੱਲੀ..ਇੱਕ ਕਾਲੀ ਬੋਲੀ ਰਾਤ ਨੂੰ ਬਿੱਪਰ ਦੀ ਛੁਰੀ ਆਪਣਾ ਕਹਿਰ ਵਰਤਾਅ ਚੁਕੀ ਸੀ..ਫੇਰ ਕੁਜੇ ਦੀ ਸਵਾਹ ਬਣਨ ਲਈ ਮੰਜੇ ਤੇ ਅਡੋਲ ਪਏ ਨੂੰ ਸਾਰੀ ਕੌਮ ਨੇ ਚੁੰਮਿਆ..ਕੁਝ ਜ਼ਾਰੋ ਜਾਰ ਰੋ ਪਏ ਤੇ ਕੁਝ ਪੱਥਰ ਵਾਂਙ ਖਮੋਸ਼..ਸ਼ਾਇਦ ਸੁਖ ਵੇਲੇ ਸ਼ੁਕਰਾਨਾਂ ਤੇ ਦੁੱਖ ਵੇਲੇ ਅਰਦਾਸ ਵਾਲੇ ਸਿਧਾਂਤ ਨੂੰ ਚੇਤੇ ਕਰ ਲਿਆ ਸੀ..!ਕਈ ਅਜੇ ਤੀਕਰ ਵੀ ਟਿੱਚਰ ਕਰਨੋਂ ਨੀ ਹਟਦੇ..ਸੜਕ ਹਾਦਸੇ ਵਿਚ ਤੁਰ ਗਿਆ ਭਲਾ ਸ਼ਹੀਦ ਕਿੱਦਾਂ ਬਣ ਗਿਆ..?ਦੱਸ ਦੇਈਏ ਕੇ ਹਰ ਉਹ ਆਤਮਾਂ ਜਿਸਨੂੰ ਕੌਮੀ ਮੰਜਿਲ ਸਾਫ ਸਾਫ ਦਿਸਣ ਲੱਗ ਪਈ ਹੋਵੇ..ਭਾਵੇਂ ਹਾਦਸੇ ਵਿਚ ਮੁਕਾਈ ਹੋਵੇ ਤੇ ਭਾਵੇਂ ਬੰਬਾਂ ਗੋਲੀਆਂ ਵਾਲੇ ਦੁਨਿਆਵੀ ਮੁਕਾਬਲੇ ਵਿਚ..ਸਦੀਵੀਂ ਸ਼ਹੀਦ ਹੀ ਅਖਵਾਏਗੀ..!ਉਸਦੀ ਬੈਂਗਣੀ ਰੰਗ ਨਾਲ ਢੱਕੀ ਦੇਹ ਨੂੰ ਚੇਤੇ ਕਰ ਹਰ ਮੁਖਾੜ ਬਿੰਦ ਵਿਚੋਂ ਬੱਸ ਏਹੀ ਗੱਲ ਹੀ ਨਿੱਕਲੇਗੀ..ਸ਼ਾਹ ਮੁਹੰਮਦਾਂ ਪੈਣਗੇ ਵੈਂਣ ਡੂੰਘੇ..ਪੁੱਤ ਪੰਜਾਬ ਦਾ ਚਿਖਾ ਤੇ ਸੌਣ ਲੱਗਾ!

**ਹਰਪ੍ਰੀਤ ਸਿੰਘ ਜਵੰਦਾ**

## ਕੇਸ ਕੱਟਣ ਦੇ ਨੁਕਸਾਨਾਂ ਦਾ ਵੇਰਵਾ

.......ਜੇਕਰ ਅਸੀਂ ਸਿਰ ਦੇ ਕੇਸਾਂ ਨੂੰ ਨਾ ਕੱਟੀਏ ਤਾਂ ਉਹ ਇਕ ਖਾਸ ਲੰਬਾਈ 'ਤੇ ਪਹੁੰਚਣ ਉਪਰੰਤ ਵਧਣੋਂ ਬੰਦ ਹੋ ਜਾਂਦੇ ਹਨ ਅਤੇ ਫਿਰ ਉਹਨਾਂ ਦੀ ਦੇਖ-ਭਾਲ ਲਈ ਉਸ ਪ੍ਰੋਟੀਨ ਦਾ ਅੱਧਾ ਪ੍ਰਤੀਸ਼ਤ ਰੋਜ਼ ਖਰਚ ਹੁੰਦਾ ਹੈ ਜਿਹੜੀ ਅਸੀਂ ਸਾਰੇ ਦਿਨ ਵਿੱਚ ਵੱਖ-ਵੱਖ ਖੁਰਾਕ ਖਾ ਕੇ ਸਰੀਰ ਵਿੱਚ ਲਿਜਾਂਦੇ ਹਾਂ । ਦੂਜੇ ਪਾਸੇ ਵਾਲ ਕੱਟਣ ਨਾਲ ਸਾਡੀ ਕਈ ਗੁਣਾਂ ਜ਼ਿਆਦਾ ਪ੍ਰੋਟੀਨ ਖਰਚ ਹੁੰਦੀ ਹੈ ਕਿਉਂਕਿ ਇਹ ਆਮ ਕਰਕੇ ਨਵੇਂ ਵਾਲ ਉਗਾਉਣ ਵਿੱਚ ਹੀ ਨਸ਼ਟ ਹੁੰਦੀ ਰਹਿੰਦੀ ਹੈ । ਜੇਕਰ ਇਕ ਵਾਰੀ ਕੇਸ ਕਟਵਾਉਣ ਨਾਲ ਇਹ ਅੱਗੇ ਤੋਂ ਵਧਣੇ ਬੰਦ ਹੋ ਜਾਂਦੇ ਤਦ ਤਾਂ ਪ੍ਰੋਟੀਨ ਦੀ ਖਪਤ ਵਿੱਚ ਸਰਫਾ ਹੋ ਸਕਦਾ ਸੀ ਪਰ ਪਰਮਾਤਮਾ ਨੇ ਕੇਸਾਂ ਦੀ ਸਰੀਰ ਪ੍ਰਤੀ ਬਹੁਪੱਖੀ ਮਹੱਤਤਾ ਨੂੰ ਦੇਖਦਿਆਂ ਹੋਇਆਂ ਇਹਨਾਂ ਦੀ ਉਪਜ ਨੂੰ ਨਿਰਵਿਘਨ ਬਣਾਈ ਰੱਖਣ ਲਈ ਸਰੀਰ ਵਿੱਚ ਬੜਾ ਸ਼ਕਤੀਸ਼ਾਲੀ ਸਿਸਟਮ ਫਿੱਟ ਕੀਤਾ ਹੈ ਜਿਹੜਾ ਮਨੁੱਖ ਦੀ ਮੌਤ ਤੱਕ ਨਿਰਵਿਘਨ ਚਲਦਾ ਰਹਿੰਦਾ ਹੈ । ਇਸ ਲਈ ਉਹ ਸਿਸਟਮ ਮਨੁੱਖ ਵੱਲੋਂ ਕੇਸ ਕਟਵਾਏ ਜਾਣ 'ਤੇ ਸਰੀਰ ਵਿੱਚੋਂ ਹੋਰ ਵੱਧ ਪ੍ਰੋਟੀਨ ਤੇ ਹੋਰ ਕੀਮਤੀ ਧਾਤਾਂ ਸਰਫ ਕਰਕੇ ਵਧੇਰੇ ਤੇਜ਼ੀ ਨਾਲ ਨਵੇਂ ਕੇਸ ਉਗਾਉਣ ਵਿੱਚ ਲੱਗ ਜਾਂਦਾ ਹੈ ਤਾਂ ਜੋ ਮਨੁੱਖ ਨੂੰ ਕੇਸਾਂ ਤੋਂ ਜੋ ਬਹੁਪਰਕਾਰੀ ਲਾਭ ਪ੍ਰਾਪਤ ਹੁੰਦੇ ਹਨ ਉਹ ਉਹਨਾਂ ਤੋਂ ਵਾਂਝਿਆਂ ਨਾ ਰਹਿ ਜਾਵੇ । ਲਗਦਾ ਹੈ ਅਜੋਕਾ ਮਨੁੱਖ ਕੇਸ ਕਟਵਾਉਣ ਵਿੱਚ ਤੇ ਰੱਬ ਕੇਸ ਉਗਾਉਣ ਵਿੱਚ ਜੁਟੇ ਹੋਏ ਹਨ । ਰੱਬ ਕੇਸਾਂ ਬਾਰੇ ਬਹੁਤ ਗੰਭੀਰ ਹੈ ਤੇ ਮਨੁੱਖ ਬਹੁਤ ਲਾਪਰਵਾਹ। ਦੇਖੋ ਊਠ ਕਿਸ ਕਰਵਟ ਬੈਠਦਾ ਹੈ ! ਫਿਲਹਾਲ ਤਾਂ ਇਹੀ ਕਿਹਾ ਜਾ ਸਕਦਾ ਹੈ:"ਵਹੁ ਅਪਨੀ ਖੂ' ਨਾ ਬਦਲੇਂਗੇ ਹਮ ਅਪਨੀ ਵਜ੍ਹਾ ਕਿਉਂ ਬਦਲੇਂ?"ਪਰ ਯਕੀਨਨ ਜਿੱਤ ਰੱਬ ਦੀ ਹੋਣੀ ਹੈ ਕਿਉਂਕਿ ਉਸ ਨੂੰ ਕੇਸਾਂ ਦੀ ਮਹੱਤਤਾ ਦਾ ਰਹੱਸ ਪਤਾ ਹੈ ਅਤੇ ਅਸੀਂ ਜਾਣ-ਬੁਝ ਕੇ ਬੇਖ਼ਬਰ ਬਣੇ ਹੋਏ ਹਾਂ ਪਰ ਸਾਨੂੰ ਇਤਨੀ ਗੱਲ ਤਾਂ ਜ਼ਰੂਰ ਸੋਚਣੀ ਚਾਹੀਦੀ ਹੀ ਹੈ ਕਿ ਜੇਕਰ ਅਸੀਂ ਆਪਣੇ ਸਰੀਰ ਵਿੱਚੋਂ ਹੱਥ ਜਾਂ ਪੈਰ ਕੱਟ ਦੇਈਏ ਤਾਂ ਉਹ ਦੋਬਾਰਾ ਕਦੇ ਨਹੀਂ ਆਉਂਦੇ ਪਰ ਉਸ ਦੇ ਉਲਟ ਰੋਮ ਕਟੀਏ ਤਾਂ ਉਹ ਹਰ ਉਮਰ ਵਿੱਚ (ਬਹੁਤ ਬਿਰਧ ਉਮਰ ਨੂੰ ਛੱਡ ਕੇ) ਦੋਬਾਰਾ ਜਲਦੀ ਹੀ ਆ ਜਾਂਦੇ ਹਨ । ਇਸ ਤੋਂ ਇਤਨਾ ਕਿਆਸ ਤਾਂ ਲੱਗ ਹੀ ਸਕਦਾ ਹੈ ਕਿ ਕੇਸਾਂ ਦੀ ਮਹੱਤਤਾ, ਹੱਥਾਂ ਜਾਂ ਪੈਰਾਂ ਜਾਂ ਸਰੀਰ ਦੇ ਹੋਰ ਅੰਗਾਂ ਨਾਲੋਂ ਵੱਧ ਤਾਂ ਹੋ ਸਕਦੀ ਹੈ, ਪਰ ਘੱਟ ਬਿਲਕੁਲ ਹੀ ਨਹੀਂ ।ਦੇਖਣ ਵਿੱਚ ਆਉਂਦਾ ਹੈ ਕਿ ਹਿੰਦੂ ਸੱਜਣ ਜਦ ਆਪਣੇ 2-3 ਸਾਲ ਦੇ ਬੱਚੇ ਦਾ ਪਹਿਲਾ ਪੂਰਾ ਮੁੰਡਨ ਕਰਦੇ ਹਨ ਤਾਂ ਉਸ ਦਾ ਸਿਰ ਬਿਲਕੁਲ ਰੋਡ-ਮੋਡ ਕਰ ਦਿੱਤਾ ਜਾਂਦਾ ਹੈ । ਉਸ ਬੱਚੇ ਦੇ ਸਿਰ 'ਤੇ ਇਕ ਮਹੀਨੇ ਮਗਰੋਂ ਅੱਧਾ ਸੈਂਟੀਮੀਟਰ ਵਾਲ ਦੋਬਾਰਾ ਉੱਗ ਆਉਂਦੇ ਹਨ । ਭਾਵੇਂ ਜਵਾਨ ਮਨੁੱਖ ਵਿੱਚ ਕੇਸਾਂ ਦੇ ਦੋਬਾਰਾ ਵੱਧਣ ਦੀ ਗਤੀ ਬੱਚੇ ਨਾਲੋਂ ਕੁਝ ਵੱਧ ਹੁੰਦੀ ਹੈ ਕਿਉਂਕਿ ਉਸ ਦੇ ਵਾਲ ਤੀਜੇ ਦਿਨ ਇੰਚ ਦਾ ਅੱਠਵਾਂ ਹਿੱਸਾ ਵੱਧ ਜਾਂਦੇ ਹਨ, ਫਿਰ ਵੀ ਜੇਕਰ ਦੋ ਤਿੰਨ ਸਾਲ ਦੇ ਬੱਚੇ ਨੂੰ ਹੀ ਆਧਾਰ ਬਣਾਈਏ ਤਾਂ ਉਹ ਬੱਚਾ ਇਕ ਮਹੀਨੇ ਵਿੱਚ ਅੱਧਾ ਸੈਂਟੀਮੀਟਰ ਵਾਲ ਦੋਬਾਰਾ ਆਪਣੇ ਸਿਰ 'ਤੇ ਵਧਾ ਲੈਂਦਾ ਹੈ। ਆਮ ਮਨੁੱਖ ਦੇ ਸਿਰ 'ਤੇ 85 ਹਜ਼ਾਰ ਤੋਂ ਲੈ ਕੇ 1 ਲੱਖ 25 ਹਜ਼ਾਰ ਤੱਕ ਦੇ ਕਰੀਬ ਕੇਸ ਹੁੰਦੇ ਹਨ ਤੇ ਬੱਚੇ ਦੇ ਸਿਰ 'ਤੇ ਜੇ 1 ਲੱਖ ਕੇਸ ਵੀ ਮੰਨ ਲਏ ਜਾਣ ਤਾਂ ਉਹ ਬੱਚਾ ਆਪਣੇ ਸਰੀਰ ਵਿੱਚੋਂ ਤਾਕਤ ਦਾ ਇਸਤੇਮਾਲ ਕਰਕੇ ਇਕ ਮਹੀਨੇ ਵਿੱਚ 50 ਹਜ਼ਾਰ ਸੈਂਟੀਮੀਟਰ (500 ਮੀਟਰ) ਭਾਵ ਅੱਧਾ ਕਿਲੋਮੀਟਰ ਲੰਮਾ ਇਕ ਵਾਲ ਦੋਬਾਰਾ ਉਗਾਉਂਦਾ ਹੈ ਅਤੇ ਕੇਸ ਕਟਾਉਣ ਦੀ ਆਦਤ ਕਰਕੇ ਇਹ ਕਰਮ ਉਸ ਦੀ ਸਾਰੀ ਜ਼ਿੰਦਗੀ ਚਲਦੇ ਰਹਿਣ ਨਾਲ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਕੇਸਾਂ ਨੂੰ ਪੈਦਾ ਕਰਨ ਅਤੇ ਫਿਰ ਕਟਵਾਉਣ ਨਾਲ ਸਰੀਰ ਦੀ ਕਿਤਨੀ ਸ਼ਕਤੀ ਤੇ ਬਹੁਮੁੱਲੀਆਂ ਧਾਤਾਂ ਆਦਿ ਵਿਅਰਥ ਗਵਾਉਂਦਾ ਹੈ ! ਨਾ ਸਮਝੀ ਦੀ ਵੀ ਕੋਈ ਹੱਦ ਹੁੰਦੀ ਹੈ ਪਰ ਗਾਲਿਬ ਦੇ ਕਥਨ ਅਨੁਸਾਰ "ਸਮਝੇ ਸਮਝਾਏ ਕੋ ਕੋਈ ਸਮਝਾਏ ਕਿਆ।" ਕੇਸ ਕਟਵਾ ਕੇ ਮਨੁੱਖ ਆਪਣਾ ਬੁਰਾ ਆਪ ਕਰ ਰਿਹਾ ਹੈ।ਕੇਸ ਕਟਵਾਉਣ ਦਾ ਇਕ ਨੁਕਸਾਨ ਇਹ ਵੀ ਮੰਨਿਆ ਗਿਆ ਹੈ ਕਿ ਜਿਹੜੀ ਸ਼ਕਤੀ ਦਿਮਾਗ ਨੂੰ ਸੂਰਜ ਤੋਂ ਕੇਸਾਂ ਦੁਆਰਾ ਪ੍ਰਾਪਤ ਹੋਣੀ ਸੀ, ਕੇਸਾਂ ਨੂੰ ਕਟਵਾ ਕੇ ਅਸੀਂ ਉਸ ਦਾ ਸਰੋਤ ਹੀ ਬੰਦ ਕਰ ਦਿੱਤਾ ਹੈ ਜਾਂ ਉਸ ਸਿਸਟਮ ਨੂੰ ਲੱਗਭਗ ਨਿਕਾਰਾ ਕਰ ਦਿੱਤਾ ਹੈ । ਇਸ ਤੋਂ ਇਹ ਮਤਲਬ ਨਹੀਂ ਕਿ ਕੇਸ-ਹੀਨ ਸ਼੍ਰੇਣੀਆਂ ਵਿੱਚ ਦਿਮਾਗੀ ਤੌਰ 'ਤੇ ਪ੍ਰਫੁੱਲਤ ਵਿਅਕਤੀਆਂ ਦੀ ਘਾਟ ਹੈ ਪਰ ਜੇ ਇਹ ਕੇਸ-ਹੀਨ ਸ਼੍ਰੇਣੀਆਂ ਕੇਸ ਕਟਵਾ ਕੇ ਦਿਮਾਗੀ ਪ੍ਰਫੁੱਲਤਾ ਦੇ ਖੇਤਰ ਵਿੱਚ ਵਿਚਰ ਸਕਦੀਆਂ ਹਨ, ਤਾਂ ਅਵੱਸ਼ ਹੀ ਕੇਸ ਰੱਖ ਕੇ ਇਨ੍ਹਾਂ ਦਾ ਦਿਮਾਗੀ ਪੱਧਰ ਹੋਰ ਉੱਚੇ ਲੈਵਲ ਤੱਕ ਪਹੁੰਚ ਸਕਦਾ ਹੈ। ਇਸ ਲਈ ਇਸ ਗੱਲ ਦਾ ਅਫ਼ਸੋਸ ਜ਼ਰੂਰ ਮਹਿਸੂਸ ਹੋ ਰਿਹਾ ਹੈ ਕਿ ਉਹਨਾਂ ਨੇ ਅਚੇਤ ਹੀ ਉਸ ਸੋਮੇਂ ਨੂੰ ਬਰਬਾਦ ਕਰ ਦਿੱਤਾ ਹੈ ਜਿਸ ਨੇ ਦਿਮਾਗ ਵਿੱਚ ਵਧੇਰੇ ਸ਼ਕਤੀ ਦਾ ਸੰਚਾਰ ਕਰਨਾ ਸੀ !ਹਾਂ, ਇਹ ਵੀ ਠੀਕ ਹੈ ਕਿ ਜੇ ਇਸ ਨੁਕਸਾਨ ਨੂੰ ਪੀੜ੍ਹੀਆਂ-ਦਰ-ਪੀੜ੍ਹੀਆਂ ਦੇ ਹਿਸਾਬ ਨਾਲ ਗਿਣਿਆ ਜਾਵੇ ਤਾਂ ਅਵੱਸ਼ ਹੀ ਅਸੀਂ ਸੰਪੂਰਨ ਦਿਮਾਗੀ ਵਿਕਾਸ ਵਿੱਚ ਜ਼ਰੂਰ ਵਿਘਨ ਪਾਉਂਦੇ ਆ ਰਹੇ ਹਾਂ । ਸਰਬ ਮਾਨਵਤਾ ਲਈ ਅਵੱਸ਼ ਹੀ ਇਹ ਘਾਟੇ ਵਾਲਾ ਸੌਦਾ ਹੈ ਅਤੇ ਘਾਟੇ ਵਾਲਾ ਸੌਦਾ ਕਰੀ ਜਾਣਾ ਕਿਥੇ ਦੀ ਸਿਆਣਪ ਹੈ ? ਜ਼ਰਾ ਸੋਚੋ ਤੇ ਫਿਰ ਸੰਭਲੋ । ਇਹ ਵਕਤ ਦਾ ਤਕਾਜ਼ਾ ਹੈ, ਮੰਗ ਹੈ।

**ਸਰੂਪ ਸਿੰਘ ਅਲੱਗ**

# ਦਿੱਲੀ ਸਰਕਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਨੂੰ ਹਮਦਰਦੀ ਭਰੀ ਪਹੁੰਚ ਅਪਣਾਏ, ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਉਨ੍ਹਾਂ ਨੂੰ ਪੱਕੇ ਤੌਰ ’ਤੇ ਕਰੇ ਰਿਹਾਅ- ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ

ਸ੍ਰੀ ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦਿੱਲੀ ਦੀ ਭਾਜਪਾ ਸਰਕਾਰ ਵੱਲੋਂ ਬੰਦੀ ਸਿੰਘ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਪਟੀਸ਼ਨ ਨੂੰ ਅਸਵੀਕਾਰ ਕਰਨ ਨੂੰ ਮੰਦਭਾਗਾ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ, ਕੈਬਨਿਟ ਮੰਤਰੀ ਸ. ਮਨਜਿੰਦਰ ਸਿੰਘ ਸਿਰਸਾ ਅਤੇ ਹੋਰ ਮੰਤਰੀ ਉਨ੍ਹਾਂ ਨੂੰ ਮਿਲਣ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਏ ਸਨ ਤਾਂ ਉਨ੍ਹਾਂ ਨੇ ਉਸ ਵੇਲੇ ਮੁੱਖ ਮੰਤਰੀ ਨੂੰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਕਰਵਾਉਣ ਲਈ ਆਖਿਆ ਸੀ।

ਉਨ੍ਹਾਂ ਕਿਹਾ ਕਿ ਪਹਿਲਾਂ ਦਸ ਸਾਲ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਨੇ ਪ੍ਰੋ. ਭੁੱਲਰ ਦੀ ਰਿਹਾਈ ਦਾ ਮਾਮਲਾ ਲਟਕਾ ਕੇ ਰੱਖਿਆ ਅਤੇ ਸਿੱਖ ਭਾਵਨਾਵਾਂ ਦੀ ਕਦਰ ਨਹੀਂ ਕੀਤੀ।




ਉਨ੍ਹਾਂ ਕਿਹਾ ਕਿ ਹੁਣ ਜਦੋਂ ਦਿੱਲੀ ਵਿਖੇ ਸਰਕਾਰ ਬਦਲ ਕੇ ਭਾਜਪਾ ਦੀ ਬਣ ਗਈ ਹੈ ਤਾਂ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ ਦੀ ਇਕੱਤਰਤਾ ਵਿੱਚ ਕੁੱਲ 51 ਕੈਦੀਆਂ ਦੀ ਰਿਹਾਈ ਦੇ ਮਾਮਲੇ ਵਿਚਾਰੇ ਗਏ ਜਿਨ੍ਹਾਂ ਵਿੱਚੋਂ 24 ਕੇਸਾਂ ਨੂੰ ਅਪ੍ਰਵਾਨ ਕੀਤਾ ਗਿਆ ਹੈ ਜਦਕਿ ਬਾਕੀ 27 ਪ੍ਰਵਾਨ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜਦੋਂ ਬਾਕੀ ਕੈਦੀਆਂ ਨੂੰ ਰਿਹਾਅ ਕਰਨ ਦਾ ਫੈਸਲਾ ਕੀਤਾ ਜਾ ਸਕਦਾ ਹੈ ਤਾਂ ਜੇਕਰ ਸਰਕਾਰ ਚਾਹੇ ਤਾਂ ਉਹ ਪ੍ਰੋ. ਭੁੱਲਰ ਨੂੰ ਵੀ ਰਿਹਾਅ ਕਰ ਸਕਦੀ ਹੈ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪ੍ਰੋ. ਭੁੱਲਰ ਦੇ ਮਾਮਲੇ ਨੂੰ ਮਨੁੱਖਤਾ ਤੇ ਹਮਦਰਦੀ ਦੇ ਤੌਰ ਉੱਤੇ ਦੇਖਦਿਆਂ ਸਰਕਾਰ ਨੂੰ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਕਦਰ ਕਰਕੇ ਉਨ੍ਹਾਂ ਨੂੰ ਪੱਕੇ ਤੌਰ ਉੱਤੇ ਰਿਹਾਅ ਕਰਨਾ ਚਾਹੀਦਾ ਹੈ ਕਿਉਂਕਿ ਉਹ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਇਹ ਸਮੁੱਚੀ ਜ਼ਿੰਮੇਵਾਰੀ ਹੁਣ ਕੇਵਲ ਦਿੱਲੀ ਸਰਕਾਰ ਦੀ ਹੈ ਅਤੇ ਸਰਕਾਰ ਨੂੰ ਦੇਸ਼ ਅੰਦਰ ਸਿੱਖਾਂ ਦੇ ਯੋਗਦਾਨ ਦੇ ਮੱਦੇਨਜ਼ਰ ਪ੍ਰੋ. ਭੁੱਲਰ ਦੀ ਫਾਈਲ ਉੱਤੇ ਦਸਤਖ਼ਤ ਕਰਕੇ ਉਨ੍ਹਾਂ ਦੀ ਰਿਹਾਈ ਕਰ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅੱਜ ਦੇਸ਼ ਅਜ਼ਾਦੀ ਦਾ ਨਿੱਘ ਮਾਣ ਰਿਹਾ ਹੈ ਤਾਂ ਇਸ ਵਿੱਚ ਸਭ ਤੋਂ ਵੱਡਾ ਯੋਗਦਾਨ ਸਿੱਖਾਂ ਦਾ ਹੈ ਅਤੇ ਕਦੇ ਕੋਈ ਮੁਸ਼ਕਿਲ ਵੀ ਪੈਂਦੀ ਹੈ ਤਾਂ ਸਿੱਖ ਸਭ ਤੋਂ ਮੂਹਰੇ ਹੋ ਕੇ ਸੇਵਾਵਾਂ ਲਈ ਖੜ੍ਹਦੇ ਹਨ।

ਸਰਕਾਰ ਨੂੰ ਸਿੱਖਾਂ ਦੇ ਅਜਿਹੇ ਹਰ ਮਸਲੇ ਨੂੰ ਸੰਜੀਦਗੀ ਨਾਲ ਹੱਲ ਕਰਨਾ ਚਾਹੀਦਾ ਹੈ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੁੱਚੀ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਲਗਾਤਾਰ ਸ਼ਾਂਤਮਈ ਢੰਗ ਨਾਲ ਅਵਾਜ਼ ਬੁਲੰਦ ਕੀਤੀ ਜਾਵੇ ਅਤੇ ਇਸੇ ਵਿਸ਼ੇ ਉੱਤੇ ਸਮੁੱਚਾ ਖ਼ਾਲਸਾ ਪੰਥ ਇਕਜੁੱਟ ਹੋ ਕੇ ਕਾਰਜ ਕਰੇ।


# ਕੈਨੇਡਾ ਦੇ ਤਿੰਨ ਮੈਂਬਰ ਪਾਰਲੀਮੈਂਟ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ

## ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਐਡਵੋਕੇਟ ਧਾਮੀ ਨੇ ਕੀਤਾ ਸਨਮਾਨਿਤ

ਅੰਮ੍ਰਿਤਸਰ-ਕੈਨੇਡਾ ਦੇ ਮੈਂਬਰ ਪਾਰਲੀਮੈਂਟ ਸ. ਜਸਰਾਜ ਸਿੰਘ ਹੱਲਣ, ਸ. ਅਮਨਪ੍ਰੀਤ ਸਿੰਘ ਗਿੱਲ ਤੇ ਸ. ਦਲਵਿੰਦਰ ਸਿੰਘ ਗਿੱਲ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ. ਜਸਰਾਜ ਸਿੰਘ ਹੱਲਣ, ਸ. ਅਮਨਪ੍ਰੀਤ ਸਿੰਘ ਗਿੱਲ, ਸ. ਦਲਵਿੰਦਰ ਸਿੰਘ ਗਿੱਲ ਅਤੇ ਉਨ੍ਹਾਂ ਨਾਲ ਆਏ ਸੀਨੀਅਰ ਪੱਤਰਕਾਰ ਸ. ਸੁਖਜਿੰਦਰ ਸਿੰਘ ਚੋਹਲਾ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਸਿਰੋਪਾਓ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਨੇ ਸਿੱਖ ਨੂੰ ਬਖ਼ਸ਼ਿਸ਼ ਕੀਤੀ ਹੈ ਕਿ ਉਹ ਜਿਥੇ ਵੀ ਰਹੇ ਸਰਬੱਤ ਦੇ ਭਲੇ ਦਾ ਕਾਰਜ ਕਰੇ। ਇਸੇ ਤਹਿਤ ਹੀ ਦੇਸ਼ ਦੁਨੀਆਂ ਅੰਦਰ ਵੱਸੇ ਸਿੱਖ ਗੁਰੂ ਆਸ਼ੇ ਅਨੁਸਾਰ ਕਾਰਜ ਕਰਦਿਆਂ ਵੱਡੀਆਂ ਮੱਲਾਂ ਮਾਰ ਰਹੇ ਹਨ। ਕੈਨੇਡਾ ਦੀ ਧਰਤੀ ’ਤੇ ਵੀ ਸਿੱਖਾਂ ਨੇ ਕਾਰੋਬਾਰਾਂ ਦੇ ਨਾਲ-ਨਾਲ ਸਿਆਸਤ ਵਿਚ ਵੀ ਵੱਡੇ ਮੁਕਾਮ ਹਾਸਲ ਕੀਤੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਖ਼ੁਸ਼ੀ ਦੀ ਗੱਲ ਹੈ ਕਿ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਸ. ਜਸਰਾਜ ਸਿੰਘ ਹੱਲਣ ਤੇ ਸ. ਅਮਨਪ੍ਰੀਤ ਸਿੰਘ ਪੂਰਨ ਤੌਰ ’ਤੇ ਸਿੱਖੀ ਸਰੂਪ ਵਿਚ ਹਨ, ਜੋ ਨੌਜੁਆਨਾਂ ਲਈ ਪ੍ਰੇਰਣਾ ਸਰੋਤ ਹਨ। ਉਨ੍ਹਾਂ ਕਿਹਾ ਕਿ ਨੌਜੁਆਨ ਐਮਪੀ ਜਿਥੇ ਆਪਣੇ ਖੇਤਰ ਵਿਚ ਵੱਡੀਆਂ ਸੇਵਾਵਾਂ ਕਰ ਰਹੇ ਹਨ, ਉਥੇ ਹੀ ਸਿੱਖੀ ਦੇ ਪ੍ਰਚਾਰ ਲਈ ਵੀ ਵੱਡਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਸ੍ਰੀ ਅੰਮ੍ਰਿਤਸਰ ਆਉਣ ’ਤੇ ਸ਼੍ਰੋਮਣੀ ਕਮੇਟੀ ਵੱਲੋਂ ਜੀ-ਆਇਆਂ ਆਖਿਆ ਅਤੇ ਕੈਨੇਡਾ ਅੰਦਰ ਸਿੱਖੀ ਪ੍ਰਚਾਰ ਲਈ ਹਰ ਤਰ੍ਹਾਂ ਦੇ ਸਹਿਯੋਗ ਦੀ ਵਚਨਬਧਤਾ ਪ੍ਰਗਟਾਈ।ਇਸ ਮੌਕੇ ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਪਾਰਲੀਮੈਂਟ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਐਮਪੀ ਹਨ, ਜਿਨ੍ਹਾਂ ਤੋਂ ਭਾਈਚਾਰੇ ਨੂੰ ਹਮੇਸ਼ਾ ਵੱਡੀਆਂ ਉਮੀਦਾਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵੱਲੋਂ ਵੀ ਆਪਣੇ ਖੇਤਰ ਵਿਚ ਵਧੀਆ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਸ. ਚੀਮਾ ਨੇ ਅਪੀਲ ਕੀਤੀ ਕਿ ਸਾਡੇ ਨੌਜੁਆਨ ਆਪਣੀ ਮਿੱਟੀ ਅਤੇ ਵਿਰਸੇ ਨਾਲ ਜੁੜੇ ਰਹਿਣ, ਇਸ ਲਈ ਹਮੇਸ਼ਾ ਯਤਨ ਹੋਣੇ ਚਾਹੀਦੇ ਹਨ।ਇਸੇ ਦੌਰਾਨ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਸ. ਜਸਰਾਜ ਸਿੰਘ ਹੱਲਣ, ਸ. ਅਮਨਪ੍ਰੀਤ ਸਿੰਘ ਗਿੱਲ, ਸ. ਦਲਵਿੰਦਰ ਸਿੰਘ ਗਿੱਲ ਨੇ ਸ਼ੁਕਰਾਨਾ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਉਨ੍ਹਾਂ ਨੂੰ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਉਹ ਗੁਰੂ ਫ਼ਲਸਫ਼ੇ ਅਨੁਸਾਰ ਦਸਤਾਰ ਸਜਾ ਕੇ ਮਨੁੱਖਤਾ ਦੀ ਸੇਵਾ ਕਰਦਿਆਂ ਹਮੇਸ਼ਾ ਮਾਣ ਮਹਿਸੂਸ ਕਰਦੇ ਹਨ ਅਤੇ ਹਮੇਸ਼ਾ ਇਹੀ ਕੋਸ਼ਿਸ਼ ਕਰਦੇ ਹਨ ਕਿ ਸਿੱਖੀ ਦੇ ਵਾਧੇ ਲਈ ਇਕਜੁਟ ਹੋ ਕੇ ਯਤਨਸ਼ੀਲ ਰਹੀਏ। ਉਨ੍ਹਾਂ ਉਚੇਚੇ ਤੌਰ ’ਤੇ ਜ਼ਿਕਰ ਕੀਤਾ ਕਿ ਉਨ੍ਹਾਂ ਲਈ ਕੈਨੇਡਾ ਦੀ ਪਾਰਲੀਮੈਂਟ ਵਿਚ ਮੈਂਬਰ ਵਜੋਂ ਸੌਂਹ ਚੁੱਕਣ ਦਾ ਉਹ ਦਿਨ ਸੀ ਜਿਸ ਦਿਨ ਕਾਮਾਗਾਟਾ ਮਾਰੂ ਜਹਾਜ਼ ਨੂੰ ਕੈਨੇਡਾ ਤੋਂ ਵਾਪਸ ਕਰਨ ਦੇ ਦਿਨ ਨੂੰ ਯਾਦ ਕੀਤਾ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਲਈ ਹੋਰ ਸਮਰਪਣ ਭਾਵਨਾ ਨਾਲ ਕੰਮ ਕਰਨ ਲਈ ਵੱਡੀ ਪ੍ਰੇਰਣਾ ਵੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਨਮਾਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰਾਂ ਦਾ ਧੰਨਵਾਦ ਵੀ ਕੀਤਾ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਸ. ਫੁੰਮਣ ਸਿੰਘ, ਸ. ਅਮਰਜੀਤ ਸਿੰਘ ਬੰਡਾਲਾ, ਓਐਸਡੀ ਸ. ਸਤਬੀਰ ਸਿੰਘ ਧਾਮੀ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸ. ਜਸਪਾਲ ਸਿੰਘ, ਵਧੀਕ ਮੈਨੇਜਰ ਸ. ਗੁਰਿੰਦਰ ਸਿੰਘ ਦੇਵੀਦਾਸਪੁਰ, ਸੂਚਨਾ ਅਧਿਕਾਰੀ ਸ. ਅੰਮ੍ਰਿਤਪਾਲ ਸਿੰਘ, ਸ. ਅੰਮ੍ਰਿਤਪਾਲ ਸਿੰਘ ਬੈਂਸ, ਅੰਮ੍ਰਿਤ ਹੇਅਰ, ਸ. ਗੁਰਪ੍ਰਤਾਪ ਸਿੰਘ, ਸ. ਹਰਮੀਤ ਸਿੰਘ ਸਲੂਜਾ ਆਦਿ ਮੌਜੂਦ ਸਨ।



# ਸਰਕਾਰ ਨੇ ਪਿੰਡਾਂ ‘ਚੋਂ ਨਫਰਤ ਦੀ ਰਾਜਨੀਤੀ ਖਤਮ ਕਰਨ ਲਈ ਕੀਤੀ ਸੀ ਸਰਵ ਸੰਮਤੀ ਨਾਲ ਪੰਚਾਇਤਾਂ ਚੁਣਨ ਦੀ ਵਕਾਲਤ –ਧਾਲੀਵਾਲ



ਅੰਮ੍ਰਿਤਸਰ/ ਅਜਨਾਲਾ-ਅੱਜ ਵਿਧਾਇਕ, ਸਾਬਕਾ ਕੈਬਨਿਟ ਮੰਤਰੀ ਪੰਜਾਬ ਤੇ ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ ਸ. ਕੁਲਦੀਪ ਸਿੰਘ ਧਾਲੀਵਾਲ ਨੇ ਹਲਕੇ ਦੇ 6 ਪਿੰਡਾਂ ਆਬਾਦੀ ਸੋਹਣ ਸਿੰਘ, ਚੜ੍ਹਤੇਵਾਲੀ, ਬੁੜੇਵਾਲੀ, ਵੰਝਾਵਾਲਾ, ਪੰਡੋਰੀ ਸੁੱਖਾ ਸਿੰਘ ਤੇ ਭੱਖਾ ਹਰੀ ਸਿੰਘ ਦੀਆਂ ਸਰਵ ਸੰਮਤੀ ਨਾਲ ਚੁਣੀਆਂ ਗਈਆਂ ਗ੍ਰਾਮ ਪੰਚਾਇਤਾਂ ਨੂੰ ਸਨਮਾਨ ਚ 5 - 5 ਲੱਖ ਰੁਪਏ ਸਰਕਾਰੀ ਗ੍ਰਾਂਟ ਦੇ ਚੈੱਕ ਭੇਂਟ ਕਰਕੇ ਨਿਵਾਜ਼ਿਆ ਅਤੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵਲੋਂ ਪਿੰਡਾਂ ਦੇ ਬਿਨਾਂ ਕਿਸੇ ਭੇਦ ਭਾਵ ਵਿਕਾਸ ਕਾਰਜਾਂ, ਸਰਵ ਸੰਮਤੀ ਨਾਲ ਸੁਖਾਲਾ ਨਿਆਂ ਮਿਲਣ ਅਤੇ ਨਫਰਤ ਦੀ ਰਾਜਨੀਤੀ ਨੂੰ ਖਤਮ ਕਰਨ ਦੀ ਡੱਟ ਕੇ ਵਕਾਲਤ ਕਰਦਿਆਂ ਸਰਵ ਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਗ੍ਰਾਮ ਪੰਚਾਇਤਾਂ ਨੂੰ ਹੋਰ ਮਿਲਣ ਵਾਲੀਆਂ ਗ੍ਰਾਂਟਾ ਤੋਂ ਇਲਾਵਾ 5-5 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਨਾਲ ਸਨਮਾਨਿਤ ਕੀਤੇ ਜਾਣ ਦਾ ਐਲਾਨ ਕੀਤਾ ਸੀ। ਜਦੋਂਕਿ ਇਸਦੇ ਉਲਟ ਪੰਜਾਬ ਤੇ ਰਾਜ ਕਰਦੀਆਂ ਰਹੀਆਂ ਕਾਂਗਰਸ, ਅਕਾਲੀ ਭਾਜਪਾ ਸਰਕਾਰਾਂ ਨੇ ਹਮੇਸ਼ਾ ਪੇਂਡੂ ਵੋਟ ਬੈਂਕ ਨੂੰ ਪਾੜੋ ਤੇ ਰਾਜ ਕਰੋ ਨੀਤੀ ਤਹਿਤ ਹਥਿਆਉਣ ਲਈ ਪੰਚਾਇਤਾਂ ਦੀਆਂ ਚੋਣਾਂ ‘ਚ ਰੱਜ ਕੇ ਧੜੇਬੰਦੀ ਪੈਦਾ ਕੀਤੀ ਅਤੇ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਨੂੰ ਲਗਾਤਾਰ 70 ਸਾਲਾਂ ਤੱਕ ਗਲੀਆਂ ਨਾਲੀਆਂ ਦੀ ਕਥਿਤ ਵਿਕਾਸ ਸਿਆਸਤ ਵਿੱਚ ਉਲਝਾਈ ਰੱਖਿਆ। ਜਿਸ ਦੇ ਮੱਦੇਨਜ਼ਰ ਸਾਬਕਾ ਸਰਕਾਰਾਂ ਦੇ ਕਾਰਜਕਾਲ ਤੱਕ ਪਿੰਡਾਂ ‘ਚ ਬੁਨਿਆਦੀ ਸਹੂਲਤਾਂ ਦੀ ਹਾਲਤ ਅਤਿ ਖਸਤਾ ਬਣੀ ਰਹੀ। ਸ. ਧਾਲੀਵਾਲ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਤਹਿਤ ਪੈਂਦੀਆਂ ਗ੍ਰਾਮ ਪੰਚਾਇਤਾਂ ਨੇ ਚੋਣਾਂ ਮੌਕੇ ਮੁੱਖ ਮੰਤਰੀ ਪੰਜਾਬ ਸ. ਮਾਨ ਦੇ ਸੱਦੇ ਨੂੰ ਬੂਰ ਪਾਉਂਦਿਆਂ 48 ਪਿੰਡਾਂ ‘ਚ ਸਰਵ ਸੰਮਤੀ ਨਾਲ ਗ੍ਰਾਮ ਪੰਚਾਇਤਾਂ ਚੁਣੇ ਜਾਣ ਦਾ ਰਿਕਾਰਡ ਬਣਾਇਆ। ਅਤੇ ਇਨ੍ਹਾਂ ਸਰਵ ਸੰਮਤੀ ਨਾਲ ਚੁਣੀਆਂ ਗਈਆਂ 48 ਗ੍ਰਾਮ ਪੰਚਾਇਤਾਂ ਨੂੰ 5-5 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਨਾਲ ਸਨਮਾਨਿਤ ਕਰਨ ਲਈ ਬਕਾਇਦਾ 2 .40 ਕਰੋੜ ਰੁਪਏ ਗ੍ਰਾਂਟ ਦੀ ਰਾਸ਼ੀ ਜਾਰੀ ਹੋ ਗਈ ਹੈ। ਜਿਸਦੀ ਪੜਾਅ ਵਾਰ ਵੰਡ ਕਰਨ ਦੀ ਬਕਾਇਦਾ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਪੇਂਡੂ ਵਿਕਾਸ ਤੋਂ ਬਿਨ੍ਹਾਂ ਰਾਸ਼ਟਰ ਮਜਬੂਤ ਨਹੀਂ ਹੋ ਸਕਦਾ ਅਤੇ ਕੇਂਦਰੀ ਮੋਦੀ ਸਰਕਾਰ ਪੇਂਡੂ ਵਿਕਾਸ ਨੂੰ ਬੁਰੀ ਤਰਾਂ ਨਪੀੜਣ ਲਈ ਪੱਬਾਂ ਭਾਰ ਹੋ ਗਈ ਹੈ। ਜਿਸ ਦਾ ਪ੍ਰਤੱਖ ਪ੍ਰਮਾਣ ਪੇਂਡੂ ਮਜਦੂਰਾਂ ਨੂੰ ਮਿਲਣ ਵਾਲੀ 100 ਦਿਨ ਦੀ ਰੁਜਗਾਰ ਗਾਰੰਟੀ ਮਨਰੇਗਾ ਸਕੀਮ ਦਾ ਭੋਗ ਪਾਏ ਜਾਣ ਤੋਂ ਇਲਾਵਾ ਪੇਂਡੂ ਵਿਕਾਸ ਦਾ ਧੁਰਾ 64 ਹਜਾਰ 724 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਅਤੇ 1966 ਦਾਣਾ ਮੰਡੀਆਂ ਦਾ ਬੁਨਿਆਦੀ ਢਾਂਚਾ ਆਧੁਨਿਕ ਬਣਾਏ ਜਾਣ ਲਈ ਲੋੜੀਂਦੇ ਪੰਜਾਬ ਦੇ ਹੱਕੀ ਫੰਡਾਂ 8 ਹਜਾਰ ਕਰੋੜ ਨੂੰ ਬਿਨ੍ਹਾਂ ਵਜਾ੍ਹ ਰੋਕ ਰੱਖਿਆ ਹੈ। ਇਵੇਂ ਹੀ ਅਮਰੀਕਾ ਨਾਲ ਵਪਾਰਕ ਸਮਝੌਤੇ ਤਹਿਤ ਪੇਂਡੂ ਰੀੜ ਦੀ ਹੱਡੀ ਕਿਸਾਨੀ ਨੂੰ ਕਥਿਤ ਤੌਰ ਤੇ ਦਿੱਲੀ ਕਿਸਾਨ ਅੰਦੋਲਣ ਦਾ ਸਬਕ ਸਿਖਾਉਣ ਲਈ ਅਮਰੀਕਾ ਨੂੰ ਬਿਨ੍ਹਾਂ ਟੈਕਸ ਤੋਂ ਖੇਤੀ ਜਿਨਸਾਂ ਦੀ ਮੰਡੀ ‘ਚ ਵਿਕਰੀ ਲਈ ਖੁੱਲ੍ਹ ਦਿੱਤੀ ਜਾ ਰਹੀ ਹੈ। ਅਤੇ ਮੰਡੀ ਸਿਸਟਮ ਨੂੰ ਵੱਖ ਵੱਖ ਸਕੀਮਾਂ ਲਾਗੂ ਕਰਨ ਲਈ ਜਿੱਦ ਕੀਤੀ ਜਾ ਰਹੀ ਹੈ, ਜਿਸਨੂੰ ਮਾਨ ਸਰਕਾਰ ਕਦਾਚਿੱਤ ਸਫਲ ਨਹੀਂ ਹੋਣ ਦੇਵੇਗੀ।

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।





# ਇੱਕ ਕੋਸ਼ਿਸ਼

## ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

## ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar